Punjabi

HM Government




# ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਨਵੇਂ ਕਾਨੂੰਨ ਦੀ ਪਾਲਣਾ ਲਈ ਤੁਹਾਨੂੰ ਜੋ ਕੁਝ ਵੀ ਚਾਹੀਦਾ ਹੈ - 1 ਜੁਲਾਈ 2007 ਤੋਂ

SMOKEFREE

NHS

# ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ
# ਨਵੇਂ ਕਾਨੂੰਨ ਬਾਰੇ ਸੰਖੇਪ ਜਾਣਕਾਰੀ

- ਐਤਵਾਰ 1 ਜੁਲਾਈ 2007 ਨੂੰ ਇੰਗਲੈਂਡ ਤਮਾਕੂ ਦੇ ਧੂੰਏਂ ਤੋ ਰਹਿਤ ਬਣ ਜਾਏਗਾ। ਇਹ ਨਵਾਂ ਕਾਨੂੰਨ ਲੋਕਾਂ ਨੂੰ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਦੇ ਭੈੜੇ ਅਸਰਾਂ ਤੋਂ ਬਚਾਉਣ ਲਈ ਬਣਾਇਆ ਗਿਆ ਹੈ।
- ਐਤਵਾਰ 1 ਜੁਲਾਈ 2007 ਤੋਂ, ਲਗਭਗ ਸਭ ਬੰਦ ਪਬਲਿਕ ਥਾਂਵਾਂ, ਕੰਮ ਦੀਆਂ ਥਾਂਵਾਂ ਅਤੇ ਪਬਲਿਕ ਅਤੇ ਕੰਮ ਵਾਲੀਆਂ ਗੱਡੀਆਂ ਵਿਚ ਤਮਾਕੂ ਪੀਣਾ ਗ਼ੈਰ-ਕਾਨੂੰਨੀ ਹੋ ਜਾਏਗਾ। ਇਸ ਕਾਨੂੰਨ ਤੋਂ ਬਹੁਤ ਘੱਟ ਛੋਟਾਂ ਮਿਲਣਗੀਆਂ।
- ਲਗਭਗ ਸਭ ਪਬਲਿਕ ਥਾਂਵਾਂ ਅਤੇ ਕੰਮ ਵਾਲੀਆਂ ਥਾਂਵਾਂ ਦੇ ਬੂਹਿਆਂ ਤੋਂ ਅੰਦਰ ਵਲ ਤਮਾਕੂ ਪੀਣ ਦੀ ਮਨਾਹੀ ਹੋ ਜਾਏਗੀ।
- ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ ਅਤੇ ਗੱਡੀਆਂ ਦੇ ਮੈਨੇਜਰਾਂ ਦੀ ਕਾਨੂੰਨੀ ਜ਼ਿੰਮੇਦਾਰੀ ਹੋਏਗੀ ਕਿ ਉਹ ਇੱਥੇ ਲੋਕਾਂ ਨੂੰ ਤਮਾਕੂ ਪੀਣੋਂ ਰੋਕਣ।
- ਇਸ ਨਵੇਂ ਕਾਨੂੰਨ ਅਨੁਸਾਰ ਤਮਾਕੂ ਦੇ ਧੂੰਏਂ ਤੋ ਰਹਿਤ ਸਭ ਥਾਂਵਾਂ ਅਤੇ ਗੱਡੀਆਂ 'ਤੇ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣਾ ਲਾਜ਼ਮੀ ਹੋਏਗਾ।
- ਇਹ ਨਵਾਂ ਕਾਨੂੰਨ ਕਿਸੇ ਵੀ ਚੀਜ਼ 'ਤੇ ਲਾਗੂ ਹੋਏਗਾ ਜਿਹਨੂੰ ਅੱਗ ਲਾ ਕੇ ਉਹਦਾ ਧੂੰਆਂ ਸਾਹ ਰਾਹੀਂ ਅੰਦਰ ਖਿੱਚਿਆ ਜਾ ਸਕਦਾ ਹੈ। ਇਹਨਾਂ ਚੀਜ਼ਾਂ ਵਿਚ ਸਿਗਰਟਾਂ, ਪਾਈਪ (ਪਾਣੀ ਵਾਲੀ ਪਾਈਪ ਵੀ - ਜਿਵੇਂ ਸ਼ਿਸ਼ਾ ਅਤੇ ਹੁੱਕਾ ਪਾਈਪ), ਸਿਗਾਰ ਅਤੇ ਹਰਬਲ ਸਿਗਰਟ ਸ਼ਾਮਿਲ ਹਨ।
- ਨਵੇਂ ਕਾਨੂੰਨ ਦਾ ਪਾਲਣ ਨਾ ਕਰਨਾ ਜੁਰਮ ਹੋਏਗਾ। ਤਮਾਕੂ ਦੇ ਧੂੰਏਂ ਤੋਂ ਰਹਿਤ ਕਾਨੂੰਨ ਦੇ ਖ਼ਿਲਾਫ਼ ਜੁਰਮ ਕਰਨ ਵਾਲਿਆਂ ਨੂੰ ਹੇਠ ਲਿਖੀਆਂ ਸਜ਼ਾਵਾਂ ਮਿਲਣਗੀਆਂ (ਇਹਨਾਂ ਵਿਚ ਮਿਲਣ ਵਾਲੀਆਂ ਰਿਆਇਤਾਂ ਸਫ਼ਾ 16 'ਤੇ ਪੜ੍ਹੋ):

  **ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ 'ਤੇ ਜਾਂ ਕੰਮ ਵਾਲੀਆਂ ਗੱਡੀਆਂ ਵਿਚ ਤਮਾਕੂ ਪੀਣਾ:** ਤਮਾਕੂ ਪੀਣ ਵਾਲੇ/ਵਾਲੀ ਨੂੰ £50 ਨਿਸ਼ਚਿਤ ਜੁਰਮਾਨੇ ਦਾ ਨੋਟਿਸ ਦਿੱਤਾ ਜਾਏਗਾ। ਜਾਂ ਜੇ ਉਹਦਾ ਕਸੂਰ ਅਦਾਲਤ ਵਿਚ ਸਾਬਤ ਹੋ ਜਾਏ, ਤਾਂ ਉਹਨੂੰ ਵੱਧ ਤੋਂ ਵੱਧ £200 ਜੁਰਮਾਨਾ ਹੋਏਗਾ।

  **ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਨਾ ਲਾਉਣਾ:** ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ ਜਾਂ ਗੱਡੀ ਦੇ ਮਾਲਿਕ ਜਾਂ ਪ੍ਰਬੰਧਕ ਨੂੰ £200 ਨਿਸ਼ਚਿਤ ਜੁਰਮਾਨਾ ਹੋਏਗਾ। ਜਾਂ ਜੇ ਉਹਦਾ ਕਸੂਰ ਅਦਾਲਤ ਵਿਚ ਸਾਬਤ ਹੋ ਜਾਏ, ਤਾਂ ਉਹਨੂੰ ਵੱਧ ਤੋਂ ਵੱਧ £1000 ਜੁਰਮਾਨਾ ਹੋਏਗਾ।

  **ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਕਿਸੇ ਨੂੰ ਤਮਾਕੂ ਪੀਣੋਂ ਨਾ ਰੋਕਣਾ:** ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ ਨੂੰ ਕੰਟ੍ਰੋਲ ਕਰਨ ਵਾਲੇ/ਵਾਲੀ ਜਾਂ ਇਹਦਾ ਪ੍ਰਬੰਧ ਚਲਾਉਣ ਵਾਲੇ/ਵਾਲੀ 'ਤੇ ਜੇ ਅਦਾਲਤ ਵਿਚ ਮੁਕੱਦਮਾ ਚੱਲੇ ਅਤੇ ਉਹਦਾ ਕਸੂਰ ਸਾਬਤ ਹੋ ਜਾਏ, ਤਾਂ ਉਹਨੂੰ £2500 ਜੁਰਮਾਨਾ ਕੀਤਾ ਜਾਏਗਾ।
- ਨਵੇਂ ਕਾਨੂੰਨ ਦਾ ਪਾਲਣ ਕਰਵਾਉਣਾ ਸਥਾਨਕ ਕਾਉਂਸਿਲਾਂ ਦੀ ਜ਼ਿੰਮੇਦਾਰੀ ਹੋਏਗੀ। ਉਹ ਜਾਣਕਾਰੀ ਦੇਣਗੀਆਂ ਅਤੇ ਨਵੇਂ ਕਾਨੂੰਨ ਦੇ ਤਹਿਤ ਕਾਨੂੰਨੀ ਜ਼ਿੰਮੇਦਾਰੀਆਂ ਕਰਨ ਵਿਚ ਉਹ ਕਾਰੋਬਾਰਾਂ ਦੀ ਮਦਦ ਕਰਨਗੀਆਂ।

ਨਵੇਂ ਕਾਨੂੰਨ ਬਾਰੇ ਹੋਰ ਜਾਣਕਾਰੀ ਤੁਸੀਂ ਸਮੋਕਫ਼੍ਰੀ ਇੰਗਲੈਂਡ ਦੀ ਵੈੱਬਸਾਈਟ **smokefreeengland.co.uk** ਤੋਂ ਲੈ ਸਕਦੇ ਹੋ। ਤੁਸੀਂ ਆਪਣੀ ਸਥਾਨਕ ਕਾਉਂਸਿਲ ਤੋਂ ਵੀ ਜਾਣਕਾਰੀ ਅਤੇ ਮਦਦ ਲੈ ਸਕਦੇ ਹੋ।

# ਤਰਤੀਬ


| | |
|---|---|
| ਇੰਗਲੈਂਡ ਤਮਾਕੂ ਦੇ ਧੂੰਏ ਤੋਂ ਰਹਿਤ ਕਿਉਂ ਬਣ ਰਿਹਾ ਹੈ? | 3 |
| ਤਮਾਕੂ ਦੇ ਧੂੰਏ ਤੋਂ ਰਹਿਤ ਹੋਣ ਲਈ ਮੈਨੂੰ ਕੀ ਕਰਨਾ ਪਏਗਾ? | 5 |
| ਕਿਹੜੀਆਂ ਥਾਂਵਾਂ ਨੂੰ ਤਮਾਕੂ ਦੇ ਧੂੰਏ ਤੋਂ ਰਹਿਤ ਕਰਨਾ ਲਾਜ਼ਮੀ ਹੈ? | 9 |
| ਕਿਹੜੇ ਨਿਸ਼ਾਨ ਦਿਖਾਉਣ ਲਈ ਲਾਉਣਾ ਮੇਰੇ ਲਈ ਲਾਜ਼ਮੀ ਹੈ? | 13 |
| ਤਮਾਕੂ ਦੇ ਧੂੰਏ ਤੋਂ ਰਹਿਤ ਕਰਨ ਵਾਲਾ ਕਾਨੂੰਨ ਕਿਵੇਂ ਲਾਗੂ ਕੀਤਾ ਜਾਏਗਾ? | 15 |
| ਕੀ ਇਸ ਨਵੇਂ ਕਾਨੂੰਨ ਤੋਂ ਕੋਈ ਛੋਟਾਂ ਵੀ ਮਿਲਦੀਆਂ ਹਨ? | 16 |
| ਅਕਸਰ ਪੁੱਛੇ ਜਾਣ ਵਾਲੇ ਸਵਾਲ | 20 |
| ਤਮਾਕੂ ਦੇ ਧੂੰਏ ਤੋਂ ਰਹਿਤ ਪਾਲਿਸੀ ਬਾਰੇ ਸੁਝਾਓ | 21 |
| ਤਮਾਕੂ ਦੇ ਧੂੰਏ ਤੋਂ ਰਹਿਤ ਕੰਮ ਵਾਲੀ ਥਾਂ 'ਤੇ ਤਮਾਕੂ ਪੀਣ ਨਾਲ ਕਿਵੇਂ ਨਿਪਟਿਆ ਜਾਏ | 23 |
| ਚੈਕਲਿਸਟ | 25 |


ਇਹ ਜਾਣਕਾਰੀ ਡਿਪਾਰਟਮੈਂਟ ਆੱਫ਼ ਹੈਲਥ ਨੇ ਉਹਨਾਂ ਲੋਕਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਹੈ ਜਿਹਨਾਂ ਦੀ ਜ਼ਿੰਮੇਦਾਰੀ ਪਬਲਿਕ ਥਾਂਵਾਂ ਅਤੇ ਕੰਮ ਦੀਆਂ ਥਾਂਵਾਂ ਦਾ ਪ੍ਰਬੰਧ ਚਲਾਉਣਾ ਹੈ - ਤਾਕਿ ਉਹ ਤਮਾਕੂ ਦੇ ਧੂੰਏ ਬਾਰੇ ਨਵੇਂ ਕਾਨੂੰਨ ਨੂੰ ਸਮਝ ਕੇ ਇਹਦਾ ਪਾਲਣ ਕਰ ਸਕਣ। ਐਤਵਾਰ 1 ਜੁਲਾਈ 2007 ਨੂੰ ਤੁਹਾਡੀ ਪਬਲਿਕ ਥਾਂ ਜਾਂ ਕੰਮ ਵਾਲੀ ਥਾਂ ਨੂੰ ਤਮਾਕੂ ਦੇ ਧੂੰਏ ਤੋਂ ਰਹਿਤ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਅਸੀਂ ਮੁਫ਼ਤ ਵਸੀਲੇ ਵੀ ਸ਼ਾਮਿਲ ਕੀਤੇ ਹਨ।

ਤਮਾਕੂ ਦੇ ਧੂੰਏ ਨੂੰ ਹਟਾਉਣ ਬਾਰੇ ਨਵੇਂ ਕਾਨੂੰਨ ਬਾਰੇ ਜਾਣਕਾਰੀ ਦੇਣ ਵਾਲੀ ਇਹ ਸਰਕਾਰੀ ਗਾਈਡ ਹੈ। ਇਸ ਗਾਈਡ ਦਾ ਮਕਸਦ ਆਮ ਜਾਣਕਾਰੀ ਦੇਣਾ ਹੀ ਹੈ ਅਤੇ ਨਵਾਂ ਕਾਨੂੰਨ ਜਿਹਨਾਂ ਹਾਲਤਾਂ ਵਿਚ ਲਾਗੂ ਹੋਏਗਾ ਉਹਨਾਂ ਸਭਨਾਂ ਬਾਰੇ ਜਾਣਕਾਰੀ ਇਸ ਗਾਈਡ ਵਿਚ ਨਹੀਂ ਦਿੱਤੀ ਜਾ ਸਕਦੀ। ਜੇ ਆਪਣੇ ਖ਼ਾਸ ਹਾਲਾਤ ਬਾਰੇ ਤੁਹਾਨੂੰ ਜਾਣਕਾਰੀ ਚਾਹੀਦੀ ਹੈ, ਤਾਂ ਸਾਡੀ ਸਲਾਹ ਹੈ ਕਿ ਤੁਸੀਂ ਆਪਣੀ ਲੋਕਲ (ਸਥਾਨਕ) ਕਾਉਂਸਿਲ ਨਾਲ ਗੱਲ ਕਰੋ, ਜਾਂ ਖ਼ੁਦ ਆਪਣੇ ਲਈ ਕਾਨੂੰਨੀ ਸਲਾਹ ਲਓ।




1 ਜੁਲਾਈ 2007
ਨੂੰ ਇੰਗਲੈਂਡ ਵਿਚ ਸਭ
ਬੰਦ ਪਬਲਿਕ ਥਾਂਵਾਂ
ਅਤੇ ਕੰਮ ਵਾਲੀਆਂ ਥਾਂਵਾਂ
ਤਮਾਕੂ ਦੇ ਧੂਏਂ ਤੋਂ ਰਹਿਤ
ਹੋ ਜਾਣਗੀਆਂ।

# ਇੰਗਲੈਂਡ ਤਮਾਕੂ ਦੇ ਧੂੰਏ ਤੋਂ ਰਹਿਤ ਕਿਉਂ ਬਣ ਰਿਹਾ ਹੈ?

ਤਮਾਕੂ ਦੇ ਧੂੰਏ ਤੋਂ ਰਹਿਤ ਕਰਨ ਵਾਲਾ ਨਵਾਂ ਕਾਨੂੰਨ ਲਾਗੂ ਕਰਨ ਦਾ ਮਕਸਦ ਕਰਮਚਾਰੀਆਂ ਅਤੇ ਆਮ ਲੋਕਾਂ ਨੂੰ ਹੋਰ ਲੋਕਾਂ ਦੇ ਪੀਤੇ ਤਮਾਕੂ ਦੇ ਧੂੰਏਂ ਦੇ ਮਾੜੇ ਅਸਰਾਂ ਤੋਂ ਬਚਾਉਣਾ ਹੈ।

ਹੋਰ ਲੋਕਾਂ ਦੇ ਪੀਤੇ ਤਮਾਕੂ ਦਾ ਧੂੰਆਂ ਸਿਹਤ ਲਈ ਗੰਭੀਰ ਖ਼ਤਰਾ ਹੈ, ਅਤੇ ਇਹ ਧੂੰਆਂ ਕਿਸੇ ਵੀ ਮਿਕਦਾਰ ਵਿਚ ਸੁਰੱਖਿਅਤ ਨਹੀਂ ਹੈ। ਜਦ ਕਿਸੇ ਦੇ ਸਾਹ ਰਾਹੀਂ ਅਜਿਹਾ ਧੂੰਆਂ ਅੰਦਰ ਜਾਂਦਾ ਹੈ, ਤਾਂ ਇਹਦੇ ਨਾਲ 4,000 ਕੈਮੀਕਲ ਵੀ ਜਾਂਦੇ ਹਨ, ਜਿਹਨਾਂ ਵਿਚੋਂ ਕਈ ਬਹੁਤ ਜ਼ਹਿਰੀਲੇ ਹਨ, ਅਤੇ 50 ਬਾਰੇ ਪਤਾ ਹੈ ਕਿ ਇਹ ਕੈਂਸਰ ਪੈਦਾ ਕਰਦੇ ਹਨ।

ਮੈਡੀਕਲ ਅਤੇ ਵਿਗਿਆਨਕ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਹੋਰਨਾਂ ਦੇ ਪੀਤੇ ਤਮਾਕੂ ਦਾ ਧੂੰਆਂ ਅੰਦਰ ਜਾਣ ਨਾਲ ਫੇਫੜਿਆਂ ਦੇ ਕੈਂਸਰ, ਦਿਲ ਦੇ ਰੋਗ, ਦਮੇ ਦੇ ਦੌਰੇ, ਬੱਚਿਆਂ ਦੇ ਸਾਹ ਦੇ ਰੋਗ, ਇਕਦਮ ਸੁੱਤੇ ਬੱਚੇ ਦੀ ਮੌਤ ਹੋਣ (ਐੱਸ ਆਈ ਡੀ ਐੱਸ) ਅਤੇ ਫੇਫੜਿਆਂ ਦਾ ਕੰਮ ਘਟ ਜਾਣ ਵਰਗੇ ਗੰਭੀਰ ਰੋਗਾਂ ਦਾ ਖ਼ਤਰਾ ਵਧ ਜਾਂਦਾ ਹੈ।

ਵਿਗਿਆਨਕ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਬੰਦ ਥਾਂਵਾਂ 'ਤੇ ਹਵਾ ਦਾ ਨਿਕਾਸ ਹੋਣ ਦੇ ਬਾਵਜੂਦ ਵੀ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਤੋਂ ਹੋਣ ਵਾਲੇ ਖ਼ਤਰੇ ਘਟਦੇ ਨਹੀਂ। ਲੋਕਾਂ ਦਾ ਅਸਰਦਾਈ ਬਚਾਓ ਕਰਨ ਦਾ ਇੱਕੋ ਇਕ ਢੰਗ ਇਹ ਹੈ ਕਿ ਹੋਰਨਾਂ ਦੇ ਪੀਤੇ ਤਮਾਕੂ ਦਾ ਧੂੰਆਂ ਉਹਨਾਂ ਦੇ ਸਾਹ ਵਿਚ ਜਾਣ ਹੀ ਨਾ ਦਿੱਤਾ ਜਾਏ। ਇਸੇ ਕਰਕੇ ਸਰਕਾਰ ਤਾਮਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲਾ ਕਾਨੂੰਨ ਲਿਆ ਰਹੀ ਹੈ।

ਅੰਦਾਜ਼ਾ ਹੈ ਕਿ ਅਗਲੇ ਦਹਾਕੇ ਵਿਚ ਨਵਾਂ ਕਾਨੂੰਨ ਹਜ਼ਾਰਾਂ ਲੋਕਾਂ ਦੀ ਜਾਨ ਬਚਾਏਗਾ, ਗੰਭੀਰ ਰੋਗਾਂ ਦੀ ਰੋਕਥਾਮ ਕਰੇਗਾ ਅਤੇ ਬੰਦ ਥਾਂਵਾਂ ਦੇ ਮਾਹੌਲ ਨੂੰ ਸਭਨਾਂ ਦੇ ਕੰਮ ਕਰਨ ਲਈ ਅਤੇ ਆਉਣ ਜਾਣ ਲਈ ਵੱਧ ਸਾਫ਼ ਸੁਥਰਾ ਅਤੇ ਸਿਹਤਮੰਦ ਬਣਾਏਗਾ।

**ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਵਿਚ 4,000 ਤੋਂ ਵੱਧ ਕੈਮੀਕਲ ਹੁੰਦੇ ਹਨ, ਜਿਹਨਾਂ ਵਿਚੋਂ 50 ਬਾਰੇ ਪਤਾ ਹੈ ਕਿ ਉਹ ਕੈਂਸਰ ਪੈਦਾ ਕਰਦੇ ਹਨ। ਲੱਗਭਗ 85% ਅਜਿਹਾ ਧੂੰਆਂ ਦਿਸਦਾ ਨਹੀਂ ਅਤੇ ਇਹਦੀ ਮੁਸ਼ਕ ਵੀ ਨਹੀਂ ਆਉਂਦੀ।**

ਇਸ ਨਵੇਂ ਕਾਨੂੰਨ ਬਾਰੇ ਜਾਣਕਾਰੀ ਤੁਹਾਨੂੰ ਸਮੋਕਫ਼੍ਰੀ ਇੰਗਲੈਂਡ ਦੀ ਵੈੱਬਸਾਈਟ **smokefreeengland.co.uk** ਤੋਂ ਮਿਲ ਸਕਦੀ ਹੈ। ਜਾਣਕਾਰੀ ਅਤੇ ਮਦਦ ਲੈਣ ਲਈ ਤੁਸੀਂ ਆਪਣੇ ਇਲਾਕੇ ਦੀ ਕਾਉਂਸਿਲ ਨਾਲ ਗੱਲ ਕਰ ਸਕਦੇ ਹੋ।



ਤਮਾਕੂ ਦੇ ਧੂੰਏਂ ਤੋਂ ਰਹਿਤ ਕਿਸੇ ਵੀ ਥਾਂ ’ਤੇ ਲੋਕਾਂ ਨੂੰ ਤਮਾਕੂ ਪੀਣੋਂ ਰੋਕਣਾ ਉੱਥੋਂ ਦੇ ਇੰਨ ਚਾਰਜ ਦੀ ਕਾਨੂੰਨੀ ਜ਼ਿੰਮੇਦਾਰੀ ਹੋਏਗੀ।

# ਤਮਾਕੂ ਦੇ ਧੂੰਏ ਤੋਂ ਰਹਿਤ ਹੋਣ ਲਈ ਮੈਨੂੰ ਕੀ ਕਰਨਾ ਪਏਗਾ?

## ਤਮਾਕੂ ਦੇ ਧੂੰਏਂ ਤੋਂ ਰਹਿਤ ਹੋਣ ਦੀ ਤਿਆਰੀ ਕਰਨਾ

ਜੇ ਤੁਸੀਂ ਕੰਮ ਦੀ ਅਜਿਹੀ ਥਾਂ ਜਾਂ ਗੱਡੀਆਂ ਦੇ ਇੰਨ ਚਾਰਜ ਹੋ ਜਿਹਨਾਂ 'ਤੇ ਇਹ ਕਾਨੂੰਨ ਲਾਗੂ ਹੁੰਦਾ ਹੈ (ਦੇਖੋ ਸਫ਼ਾ 9), ਤਾਂ ਉਹਨਾਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨਾ ਅਤੇ ਅਜਿਹਾ ਹੀ ਰੱਖਣਾ ਤੁਹਾਡੀ ਕਾਨੂੰਨੀ ਜ਼ਿੰਮੇਦਾਰੀ ਹੈ।

ਐਤਵਾਰ 1 ਜੁਲਾਈ ਨੂੰ ਲਾਗੂ ਹੋਣ ਵਾਲੇ ਇਸ ਕਾਨੂੰਨ ਲਈ ਤਿਆਰ ਹੋਣ ਲਈ, ਤੁਹਾਡੇ ਲਈ ਇਹ ਕੰਮ ਕਰਨਾ ਲਾਜ਼ਮੀ ਹੋਏਗਾ:

- ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਸਾਰੇ ਨਿਸ਼ਾਨ ਸਹੀ ਥਾਂਵਾਂ 'ਤੇ ਲਾਉਣਾ (ਦੇਖੋ ਸਫ਼ਾ 13)
- ਆਪਣੇ ਸਟਾਫ਼, ਗਾਹਕਾਂ, ਮੈਂਬਰਾਂ ਅਤੇ ਮਿਲਣ ਆਉਣ ਵਾਲਿਆਂ ਨੂੰ ਜਾਣੂ ਕਰਵਾਉਣਾ ਕਿ ਤੁਹਾਡੇ ਕੰਮ ਦੀ ਥਾਂ 'ਤੇ ਅਤੇ ਗੱਡੀਆਂ ਵਿਚ ਤਮਾਕੂ ਦਾ ਧੂੰਆਂ ਹੋਣਾ ਕਾਨੂੰਨੀ ਤੌਰ 'ਤੇ ਮਨ੍ਹਾਂ ਹੈ
- ਬੂਹਿਆਂ ਦੇ ਅੰਦਰ ਕੰਮ ਵਾਲੀ ਥਾਂ 'ਤੇ ਤਮਾਕੂ ਪੀਣ ਲਈ ਰੱਖੇ ਗਏ ਕਮਰੇ ਬੰਦ ਕਰ ਦਿੱਤੇ ਜਾਣ

## ਆਪਣੇ ਕੰਮ ਦੀ ਥਾਂ ਅਤੇ ਗੱਡੀਆਂ ਨੂੰ ਤਮਾਕੂ ਦੇ ਧੂਏਂ ਤੋਂ ਰਹਿਤ ਰੱਖਣਾ

ਕਾਨੂੰਨ ਲਾਗੂ ਹੋ ਜਾਣ ਮਗਰੋਂ, ਤਮਾਕੂ ਦੇ ਧੂੰਏਂ ਤੋਂ ਰਹਿਤ ਕੰਮ ਦੀਆਂ ਥਾਂਵਾਂ ਅਤੇ ਗੱਡੀਆਂ ਦੇ ਪ੍ਰਬੰਧਕ ਦੀ ਇਹ ਕਾਨੂੰਨੀ ਜ਼ਿੰਮੇਦਾਰੀ ਹੋਏਗੀ ਕਿ ਉਹ ਇਹਨਾਂ ਦੇ ਅੰਦਰ ਲੋਕਾਂ ਨੂੰ ਤਮਾਕੂ ਪੀਣੋਂ ਮਨ੍ਹਾ ਕਰੇ।

ਤੁਹਾਨੂੰ ਇਹ ਸਾਬਤ ਕਰਨਾ ਪਏਗਾ ਕਿ ਨਵੇਂ ਕਾਨੂੰਨ ਦੀਆਂ ਲਾਜ਼ਮੀ ਸ਼ਰਤਾਂ ਦਾ ਪਾਲਣ ਕਰਨ ਲਈ ਤੁਸੀਂ ਜਾਇਜ਼ ਕੰਮ ਕੀਤੇ ਹਨ, ਜਿਵੇਂ ਕਿ:

- ਐਸ਼ਟ੍ਰੇਆਂ ਹਟਾਉਣਾ
- ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਲਾਗੂ ਕਰਨਾ (ਇਹਦੇ ਬਾਰੇ ਅੱਗੇ ਪੜ੍ਹੋ)
- ਸਟਾਫ਼ ਨੂੰ ਸਿਖਲਾਈ ਦੇ ਕੇ ਨਵੇਂ ਕਾਨੂੰਨ ਅਤੇ ਉਹਨਾਂ ਦੀਆਂ ਜ਼ਿੰਮੇਦਾਰੀਆਂ ਬਾਰੇ ਸਮਝਾਉਣਾ।

## ਆਪਣੇ ਕਾਰੋਬਾਰ ਵਿਚ ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਲਾਗੂ ਕਰਨਾ

ਹੋ ਸਕਦਾ ਹੈ ਕਿ ਤੁਸੀਂ ਆਪਣੇ ਕੰਮ ਦੀ ਥਾਂ 'ਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਲਾਗੂ ਕਰਨਾ ਚਾਹੋ। ਇਹਦੇ ਨਾਲ ਤੁਹਾਨੂੰ ਇਹ ਯਕੀਨੀ ਬਣਾਉਣ ਵਿਚ ਮਦਦ ਮਿਲੇਗੀ ਕਿ ਤੁਹਾਡੇ ਕਰਮਚਾਰੀਆਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਬਾਰੇ ਅਤੇ ਇਹ ਪਤਾ ਹੋਵੇ ਕਿ ਹੁਣ ਉਹ ਇਸ ਧੂੰਏਂ ਤੋਂ ਰਹਿਤ ਮਾਹੌਲ ਵਿਚ ਕੰਮ ਕਰ ਰਹੇ ਹਨ। ਇਹਦੇ ਨਾਲ ਉਹਨਾਂ ਨੂੰ ਇਹ ਸਲਾਹ ਵੀ ਮਿਲੇਗੀ ਕਿ ਨਵੇਂ ਕਾਨੂੰਨ ਦਾ ਪਾਲਣ ਕਰਨ ਲਈ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ।

ਤੁਹਾਡੀ ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਕਰਮਚਾਰੀਆਂ ਅਤੇ ਉਹਨਾਂ ਦੇ ਨੁਮਾਇੰਦਿਆਂ ਨਾਲ ਸਲਾਹ ਮਸ਼ਵਰਾ ਕਰਨ ਮਗਰੋਂ ਤਿਆਰ ਕੀਤੀ ਜਾਣੀ ਚਾਹੀਦੀ ਹੈ।

ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਤੁਹਾਡੇ ਅਤੇ ਤੁਹਾਡੇ ਕਰਮਚਾਰੀਆਂ ਵਿਚਕਾਰ ਜ਼ਬਾਨੀ ਸਮਝੌਤਾ ਹੋ ਸਕਦੀ ਹੈ, ਜਿਸ ਵਿਚ ਤੁਹਾਡੀ ਸਿਹਤ ਅਤੇ ਸੁਰੱਖਿਆ ਦੀ ਮੌਜੂਦਾ ਪਾਲਿਸੀ ਸ਼ਾਮਿਲ ਕੀਤੀ ਜਾ ਸਕਦੀ ਹੈ, ਜਾਂ ਹੋ ਸਕਦਾ ਹੈ ਕਿ ਤੁਸੀਂ ਵੱਖਰੀ ਲਿਖਤੀ ਪਾਲਿਸੀ ਤਿਆਰ ਕਰਨਾ ਚਾਹੋ।

ਇਸ ਗਾਈਡ ਵਿਚ ਅਸੀਂ ਤਮਾਕੂ ਦੇ ਧੂੰਏਂ ਤੋਂ ਰਹਿਤ ਪਾਲਿਸੀ ਬਣਾਉਣ ਬਾਰੇ ਸੁਝਾਓ ਦਿੱਤਾ ਹੈ। ਇਹ ਪਾਲਿਸੀ ਤੁਸੀਂ ਸਮੋਕਫ੍ਰੀ ਇੰਗਲੈਂਡ ਦੀ ਇਸ ਵੈੱਬਸਾਈਟ ਤੋਂ ਉਤਾਰ ਸਕਦੇ ਹੋ: **smokefreeengland.co.uk/resources**




ਜੇ ਕੋਈ ਵਿਅਕਤੀ ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਤਮਾਕੂ ਪੀਏ ਤਾਂ ਉਸ ਥਾਂ ਦੇ ਜ਼ਿੰਮੇਦਾਰ ਮੈਨੇਜਰਾਂ ਨੂੰ ਕਾਰਵਾਈ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

## ਜੇ ਮੇਰੀ ਜ਼ਿੰਮੇਦਾਰੀ ਵਾਲੀ ਥਾਂ 'ਤੇ ਕੋਈ ਤਮਾਕੂ ਪੀਏ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਹੋਰ ਦੇਸ਼ਾਂ ਦੇ ਤਜਰਬੇ ਤੋਂ ਸਾਨੂੰ ਯਕੀਨ ਹੈ ਕਿ ਲੋਕ ਇਸ ਨਵੇਂ ਕਾਨੂੰਨ ਦਾ ਸਤਿਕਾਰ ਕਰਨਗੇ। ਪਰ ਜੇ ਕੋਈ ਵਿਅਕਤੀ ਤੁਹਾਡੀ ਜ਼ਿੰਮੇਦਾਰੀ ਵਾਲੀ ਤਮਾਕੂ ਦੇ ਧੂੰਏਂ ਤੋਂ ਰਹਿਤ ਕੰਮ ਦੀ ਥਾਂ 'ਤੇ ਜਾਂ ਅਜਿਹੀ ਗੱਡੀ ਵਿਚ ਤਮਾਕੂ ਪੀਏ, ਤਾਂ ਤੁਹਾਨੂੰ ਕਾਰਵਾਈ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਡੀ ਸਲਾਹ ਇਹ ਹੈ:

- ਉਸ ਵਿਅਕਤੀ ਨੂੰ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਦਿਖਾਓ ਅਤੇ ਉਹਨੂੰ ਤਮਾਕੂ ਪੀਣਾ ਬੰਦ ਕਰਨ ਲਈ ਆਖੋ
- ਉਹਨੂੰ ਦੱਸੋ ਕਿ ਉਹ ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਜਾਂ ਗੱਡੀ ਵਿਚ ਤਮਾਕੂ ਪੀ ਕੇ ਜੁਰਮ ਕਰ ਰਿਹਾ/ਰਹੀ ਹੈ
- ਉਸ ਵਿਅਕਤੀ ਨੂੰ ਦੱਸੋ ਕਿ ਉੱਥੇ ਤਮਾਕੂ ਪੀਣਾ ਰੋਕਣ ਦੀ ਕਾਨੂੰਨੀ ਜ਼ਿੰਮੇਦਾਰੀ ਤੁਹਾਡੀ ਹੈ, ਅਤੇ ਤੁਹਾਨੂੰ ਦੋਹਾਂ ਨੂੰ ਜੁਰਮਾਨਾ ਹੋ ਸਕਦਾ ਹੈ

ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਤਮਾਕੂ ਪੀ ਕੇ ਇਹਦੇ ਬਾਰੇ ਨਵਾਂ ਕਾਨੂੰਨ ਤੋੜਨ ਵਾਲੇ ਵਿਅਕਤੀ ਨੂੰ ਸੇਵਾਵਾਂ ਨਾ ਦੇਣ ਬਾਰੇ ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ।

ਜੇ ਗਾਹਕ ਜਾਂ ਮਿਲਣ ਆਉਣ ਵਾਲਾ/ਵਾਲੀ ਤਮਾਕੂ ਪੀਣਾ ਬੰਦ ਨਾ ਕਰੇ, ਤਾਂ ਤੁਸੀਂ ਉਹਨੂੰ ਉੱਥੋਂ ਬਾਹਰ ਜਾਣ ਲਈ ਆਖ ਸਕਦੇ ਹੋ। ਜੇ ਕੋਈ ਕਰਮਚਾਰੀ ਕਾਨੂੰਨ ਤੋੜੇ, ਤਾਂ ਤੁਸੀਂ ਉਹਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਸਕਦੇ ਹੋ। ਜੇ ਤਮਾਕੂ ਪੀਣ ਵਾਲਾ/ਵਾਲੀ ਕੁੱਟ ਮਾਰ ਕਰਨ ਦੀ ਧਮਕੀ ਦੇਵੇ, ਤਾਂ ਸਾਡੀ ਸਲਾਹ ਹੈ ਕਿ ਤੁਸੀਂ ਪੁਲਿਸ ਨੂੰ ਦੱਸੋ ਅਤੇ ਉਹਨਾਂ ਤੋਂ ਮਦਦ ਲਓ।

**ਇਸ ਦਸਤਾਵੇਜ਼ ਦੇ ਅਖ਼ੀਰ 'ਤੇ ਇਕ ਬਾਹਰ ਕੱਢ ਲੈਣ ਵਾਲਾ ਫ਼ਲੋਅਚਾਰਟ ਦਿੱਤਾ ਗਿਆ ਹੈ, ਜਿਸ ਵਿਚ ਸੁਝਾਓ ਦਿੱਤਾ ਗਿਆ ਹੈ ਕਿ ਤਮਾਕੂ ਦੇ ਧੂੰਏਂ ਤੋਂ ਰਹਿਤ ਕੰਮ ਦੀ ਥਾਂ 'ਤੇ ਜਾਂ ਗੱਡੀ ਵਿਚ ਤਮਾਕੂ ਪੀਣ ਵਾਲਿਆਂ ਨਾਲ ਨਿਪਟਣ ਲਈ ਤੁਸੀਂ ਕੀ ਕਰ ਸਕਦੇ ਹੋ।**

## ਕੀ ਤਮਾਕੂ ਪੀਣਾ ਬੰਦ ਕਰਨ ਦੇ ਇੱਛੁਕ ਵਿਅਕਤੀ ਨੂੰ ਕੋਈ ਮਦਦ ਮਿਲ ਸਕਦੀ ਹੈ?

ਤਮਾਕੂ ਪੀਣ ਵਾਲੇ ਲੱਗਭਗ 70% ਲੋਕ ਆਖਦੇ ਹਨ ਕਿ ਉਹ ਇਹ ਆਦਤ ਛੱਡਣਾ ਚਾਹੁੰਦੇ ਹਨ, ਅਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਤੋਂ ਉਹਨਾਂ ਨੂੰ ਹੋਰ ਉਤਸ਼ਾਹ ਮਿਲ ਸਕਦਾ ਹੈ। ਜੇ ਤੁਸੀਂ ਆਪਣੇ ਸਟਾਫ਼ ਜਾਂ ਗਾਹਕਾਂ ਦੀ ਤਮਾਕੂ ਪੀਣ ਦੀ ਆਦਤ ਛੁਡਵਾਉਣਾ ਚਾਹੁੰਦੇ ਹੋ, ਤਾਂ ਐਨ ਐਚ ਐੱਸ ਤੋਂ ਤੁਹਾਨੂੰ ਬਹੁਤ ਵਧੀਆ ਮਦਦ ਮੁਫ਼ਤ ਮਿਲ ਸਕਦੀ ਹੈ, ਜਿਸ ਵਿਚ ਇਹ ਸ਼ਾਮਿਲ ਹਨ:

- **ਐਨ ਐਚ ਐੱਸ ਦੀਆਂ ਸਥਾਨਕ 'ਸਟੌਪ ਸਮੋਕਿੰਗ ਸਰਵਿਸਿਜ਼'** – ਸਥਾਨਕ ਸੇਵਾਵਾਂ ਬਾਰੇ ਪਤਾ ਕਰਨ ਲਈ ਐਨ ਐਚ ਐੱਸ ਸਮੋਕਿੰਗ ਹੈਲਪਲਾਈਨ ਨੂੰ ਨੰਬਰ 0800 169 0 169 'ਤੇ ਮੁਫ਼ਤ ਫ਼ੋਨ ਕਰੋ; ਵੈੱਬਸਾਈਟ **gosmokefree.co.uk** 'ਤੇ ਜਾਓ; ਟੈਕਸਟ GIVE UP ਭੇਜੋ ਅਤੇ ਨੰਬਰ 88088 ਤੋਂ ਬਾਅਦ ਆਪਣਾ ਪੂਰਾ ਪੋਸਟਕੋਡ ਦੱਸੋ; ਜਾਂ ਆਪਣੇ ਜੀ ਪੀ ਡਾਕਟਰ ਦੀ ਸਰਜਰੀ, ਫ਼ਾਰਮੇਸੀ ਜਾਂ ਹਸਪਤਾਲ ਤੋਂ ਪਤਾ ਕਰੋ।
- **ਐਨ ਐਚ ਐੱਸ ਸਮੋਕਿੰਗ ਹੈਲਪਲਾਈਨ** – ਲੋਕ ਨੰਬਰ 0800 169 0 169 'ਤੇ ਫ਼ੋਨ ਕਰਕੇ ਕਿਸੇ ਖ਼ਾਸ ਮਾਹਿਰ ਨਾਲ ਗੱਲਬਾਤ ਕਰ ਸਕਦੇ ਹਨ (ਇਹਨਾਂ ਲਾਈਨਾਂ 'ਤੇ ਹਰ ਰੋਜ਼ ਸਵੇਰੇ 7 ਵਜੇ ਤੋਂ ਰਾਤ ਦੇ 11 ਵਜੇ ਤਕ ਫ਼ੋਨ ਕੀਤਾ ਜਾ ਸਕਦਾ ਹੈ।
- **gosmokefree.co.uk** – ਇਸ ਇੰਟਰਨੈੱਟ ਸਾਈਟ 'ਤੇ ਤਮਾਕੂ ਪੀਣਾ ਛੱਡਣ ਅਤੇ ਛੱਡੀ ਰੱਖਣ ਵਿਚ ਮਦਦ ਦੇਣ ਵਾਲੀ ਸਾਰੀ ਸਲਾਹ, ਜਾਣਕਾਰੀ ਅਤੇ ਮਦਦ ਮਿਲ ਸਲਦੀ ਹੈ।
- **ਟੁਗੈਦਰ** – ਮਦਦ ਦੇਣ ਵਾਲੇ ਇਸ ਪ੍ਰੋਗਰਾਮ ਵਿਚ ਤੁਸੀਂ ਮੁਫ਼ਤ ਸ਼ਾਮਿਲ ਹੋ ਸਕਦੇ ਹੋ, ਇਹਦਾ ਮਕਸਦ ਤਮਾਕੂ ਪੀਣਾ ਛੱਡਣ ਵਿਚ ਲੋਕਾਂ ਦੀ ਮਦਦ ਕਰਨਾ ਹੈ, ਅਤੇ ਇਹਦੇ ਲਈ ਡਾਕਟਰੀ ਖੋਜ ਅਤੇ ਤਮਾਕੂ ਪੀਣਾ ਛੱਡ ਚੁਕੇ ਲੋਕਾਂ ਦੇ ਤਜਰਬਿਆਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਤੁਸੀਂ ਈਮੇਲਾਂ, ਟੈਕਸਟ ਸੁਨੇਹੇ, ਡਾਕ ਰਾਹੀਂ ਪੈਕ ਜਾਂ ਫ਼ੋਨ ਕਾੱਲਾਂ ਰਾਹੀਂ ਮਦਦ ਲੈਣਾ ਚੁਣ ਸਕਦੇ ਹੋ। ਜਾਣਕਾਰੀ ਲੈਣ ਲਈ ਐਨ ਐਚ ਐੱਸ ਸਮੋਕਿੰਗ ਹੈਲਪਲਾਈਨ ਨੂੰ ਨੰਬਰ 0800 169 0 169 'ਤੇ ਫ਼ੋਨ ਕਰੋ, ਜਾਂ ਇਸ ਵੈੱਬਸਾਈਟ 'ਤੇ ਜਾਓ - **gosmokefree.co.uk**

ਨੌਕਰੀ ਦੇਣ ਵਾਲੇ ਆਪਣੇ ਕਰਮਚਾਰੀਆਂ ਦੀ ਕੰਮ ਦੇ ਸਮੇਂ ਦੌਰਾਨ ਜਾਂ ਇਸ ਸਮੇਂ ਤੋਂ ਪਹਿਲਾਂ ਜਾਂ ਮਗਰੋਂ ਮਦਦ ਕਰਨ ਲਈ ਆਪਣੀ ਸਥਾਨਕ ਐਨ ਐਚ ਐੱਸ ਸਟੌਪ ਸਮੋਕਿੰਗ ਸਰਵਿਸ ਨਾਲ ਗੱਲ ਕਰ ਸਕਦੇ ਹਨ।

ਨੈਸ਼ਨਲ ਇੰਸਟੀਚਿਊਟ ਫ਼ੌਰ ਹੈਲਥ ਐਂਡ ਕਲਿਨੀਕਲ ਐਕਸੈਲੈਂਸ (NICE) ਤੋਂ ਮਿਲਣ ਵਾਲੀ ਨਵੀਂ ਜਾਣਕਾਰੀ ਵਿਚ ਨੌਕਰੀ ਦੇਣ ਵਾਲਿਆਂ ਨੂੰ ਆਪਣੇ ਕਰਮਚਾਰੀਆਂ ਦੀ ਤਮਾਕੂ ਪੀਣਾ ਛੱਡਣ ਵਿਚ ਮਦਦ ਕਰਨ ਬਾਰੇ ਸਲਾਹ ਦਿੱਤੀ ਜਾਏਗੀ। ਹੋਰ ਜਾਣਕਾਰੀ ਇਹਨਾਂ ਦੀ ਇਸ ਵੈੱਬਸਾਈਟ ਤੋਂ ਲਓ - **nice.org.uk**



ਨਵਾਂ ਕਾਨੂੰਨ ਸਭ ਲੋਕਾਂ ਦੇ ਕੰਮ ਕਰਨ ਲਈ ਜਾਂ ਆਉਣ ਜਾਣ ਲਈ ਵੱਧ ਸਾਫ਼ ਸੁਥਰਾ ਅਤੇ ਸਿਹਤਮੰਦ ਮਾਹੌਲ ਬਣਾਉਣ ਵਿਚ ਮਦਦ ਕਰੇਗਾ।


# ਕਿਹੜੀਆਂ ਥਾਂਵਾਂ ਨੂੰ ਤਮਾਕੂ ਦੇ ਧੂੰਏ ਤੋਂ ਰਹਿਤ ਕਰਨਾ ਲਾਜ਼ਮੀ ਹੈ?

## ਤਮਾਕੂ ਦੇ ਧੂੰਏਂ ਤੋਂ ਰਹਿਤ ਆਮ ਪਬਲਿਕ ਥਾਂਵਾਂ ਅਤੇ ਕੰਮ ਦੀਆਂ ਥਾਂਵਾਂ


ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲਾ ਇਹ ਨਵਾਂ ਕਾਨੂੰਨ ਲੱਗਭਗ ਸਭ 'ਬੰਦ' ਅਤੇ 'ਕਾਫ਼ੀ ਹਦ ਤਕ ਬੰਦ' ਪਬਲਿਕ ਥਾਂਵਾਂ ਅਤੇ ਕੰਮ ਦੀਆਂ ਥਾਂਵਾਂ 'ਤੇ ਲਾਗੂ ਹੋਏਗਾ। ਇਹਨਾਂ ਵਿਚ ਪੱਕੇ ਢਾਂਚੇ ਅਤੇ ਤੰਬੂਆਂ ਅਤੇ ਮਾਰਕੀਜ਼ ਵਰਗੇ ਆਰਜ਼ੀ ਢਾਂਚੇ ਵੀ ਸ਼ਾਮਿਲ ਹਨ। ਇਹਦਾ ਮਤਲਬ ਇਹ ਵੀ ਹੈ ਕਿ ਪਬਲਿਕ ਥਾਂਵਾਂ ਅਤੇ ਕੰਮ ਦੀਆਂ ਥਾਂਵਾਂ ਦੇ ਅੰਦਰ ਤਮਾਕੂ ਪੀਣ ਲਈ ਰੱਖੇ ਗਏ ਕਮਰਿਆਂ ਵਿਚ ਵੀ ਹੁਣ ਤਮਾਕੂ ਪੀਣਾ ਮਨ੍ਹਾ ਹੋ ਜਾਏਗਾ।

ਥਾਂਵਾਂ ਨੂੰ **'ਬੰਦ'** ਤਦ ਮੰਨਿਆ ਜਾਏਗਾ ਜੇ ਇਹਨਾਂ 'ਤੇ ਛੱਤ ਹੈ ਅਤੇ (ਬੂਹਿਆਂ, ਖਿੜਕੀਆਂ ਜਾਂ ਲਾਂਘਿਆਂ ਨੂੰ ਛੱਡ ਕੇ) ਇਹ ਪੱਕੇ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ ਪੂਰੀ ਤਰ੍ਹਾਂ ਬੰਦ ਹਨ।

ਥਾਂਵਾਂ ਨੂੰ **'ਕਾਫ਼ੀ ਹਦ ਤਕ ਬੰਦ'** ਤਦ ਮੰਨਿਆ ਜਾਏਗਾ ਜੇ ਇਹਨਾਂ 'ਤੇ ਛੱਤ ਹੈ, ਪਰ ਕੰਧਾਂ ਵਿਚ ਖੁੱਲ੍ਹੀ ਵਿੱਥ ਜਾਂ ਵਿਰਲ ਹੈ ਜਿਹਦਾ ਰਕਬਾ ਕੰਧਾਂ ਦੇ ਕੁੱਲ ਰਕਬੇ ਦੇ ਅੱਧ ਤੋਂ ਘੱਟ ਹੈ। ਕੰਧਾਂ ਵਿਚਲੀ ਵਿਰਲ ਵਿਚ ਬੂਹਿਆਂ, ਖਿੜਕੀਆਂ ਜਾਂ ਉਹਨਾਂ ਥਾਂਵਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਜਿਹਨਾਂ ਨੂੰ ਬੰਦ ਕੀਤਾ ਜਾਂ ਖੋਲ੍ਹਿਆ ਜਾ ਸਕਦਾ ਹੈ।



ਤਸਵੀਰ 1.
ਕਾਫ਼ੀ ਹਦ ਤਕ ਬੰਦ
ਥਾਂ ਦੀ ਮਿਸਾਲ ✗



ਤਸਵੀਰ 2.
ਉਸ ਥਾਂ ਦੀ ਮਿਸਾਲ ਜੋ ਕਾਫ਼ੀ
ਹਦ ਤਕ ਬੰਦ ਨਹੀਂ ਹੈ ✓

**ਜੇ ਤੁਸੀਂ ਇਸ ਗੱਲ ਬਾਰੇ ਹੋਰ ਸਲਾਹ ਲੈਣਾ ਚਾਹੁੰਦੇ ਹੋ ਕਿ ਤੁਹਾਡੇ ਕੰਮ ਦੀ ਥਾਂ 'ਬੰਦ' ਜਾਂ 'ਕਾਫ਼ੀ ਹਦ ਤਕ ਬੰਦ' ਹੈ ਜਾਂ ਨਹੀਂ, ਤਾਂ ਤੁਸੀਂ ਆਪਣੀ ਸਥਾਨਕ ਕਾਉਂਸਿਲ ਨਾਲ ਗੱਲ ਕਰੋ।**

ਕਰਮਚਾਰੀਆਂ ਜਾਂ ਆਮ ਲੋਕਾਂ ਦੇ ਤਮਾਕੂ ਪੀਣ ਲਈ ਕੰਮ ਦੀ ਥਾਂ ਤੋਂ ਬਾਹਰ ਕੋਈ ਥਾਂ ਬਣਾਉਣਾ ਲਾਜ਼ਮੀ ਨਹੀਂ ਹੈ।

ਜੇ ਤੁਸੀਂ ਤਮਾਕੂ ਪੀਣ ਲਈ ਬਾਹਰ ਥਾਂ ਬਣਾਉਣ ਦਾ ਫ਼ੈਸਲਾ ਕਰਨਾ ਹੈ, ਤਾਂ ਸਾਡੀ ਸਲਾਹ ਹੈ ਕਿ ਤੁਸੀਂ ਆਪਣੀ ਇਸ ਯੋਜਨਾ ਬਾਰੇ ਆਪਣੀ ਕਾਉਂਸਿਲ ਨਾਲ ਗੱਲ ਕਰੋ, ਕਿਉਂਕਿ ਤੁਹਾਨੂੰ ਕਈ ਮਸਲਿਆਂ ਬਾਰੇ ਵਿਚਾਰ ਕਰਨ ਦੀ ਲੋੜ ਪੈ ਸਕਦੀ ਹੈ, ਜਿਵੇਂ ਕਿ ਪਲਾਨਿੰਗ ਇਜਾਜ਼ਤ ਲੈਣਾ, ਲਾਈਸੰਸ ਲੈਣਾ, ਬਿਲਡਿੰਗ ਕੰਟ੍ਰੋਲ, ਸ਼ੋਰ ਸ਼ਰਾਬਾ ਅਤੇ ਕੂੜਾ।

ਕਿਰਪਾ ਕਰਕੇ ਨੋਟ ਕਰਨਾ: ਡਿਪਾਰਟਮੈਂਟ ਆੱਫ਼ ਹੈਲਥ ਤਮਾਕੂ ਪੀਣ ਵਾਲੀਆਂ ਥਾਂਵਾਂ ਦੇ ਡਿਜ਼ਾਈਨ ਅਤੇ ਬਣਤਰ ਬਾਰੇ ਸਲਾਹ ਨਹੀਂ ਦੇ ਸਕਦਾ।



ਕੰਮ ਵਾਲੀਆਂ ਜਿਹਨਾਂ ਗੱਡੀਆਂ ਦੀ ਵਰਤੋਂ ਇਕ ਤੋਂ ਵੱਧ ਲੋਕ ਕਰਦੇ ਹਨ, ਉਹਨਾਂ ਦਾ ਤਮਾਕੂ ਦੇ ਧੂੰਏ ਤੋਂ ਰਹਿਤ ਹੋਣਾ ਲਾਜ਼ਮੀ ਹੈ।

## ਤਮਾਕੂ ਦੇ ਧੂੰਏਂ ਤੋਂ ਰਹਿਤ ਗੱਡੀਆਂ

ਨਵੇਂ ਕਾਨੂੰਨ ਦੀ ਮੰਗ ਹੈ ਕਿ ਗੱਡੀਆਂ ਲਾਜ਼ਮੀ ਤੌਰ 'ਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਹੋਣ, ਜੇ ਉਹਨਾਂ ਦੀ ਵਰਤੋਂ:

- ਪਬਲਿਕ ਦੇ ਆਮ ਲੋਕਾਂ ਨੂੰ ਲਿਜਾਣ ਲਈ ਕੀਤੀ ਜਾਂਦੀ ਹੈ,
- ਪੈਸੇ ਲੈਣ ਵਾਲੇ ਜਾਂ ਵਾਲੰਟਰੀ ਕੰਮ ਦੌਰਾਨ ਇਕ ਤੋਂ ਵੱਧ ਲੋਕ ਕਰਦੇ ਹਨ - ਭਾਵੇਂ ਉਹ ਇੱਕੋ ਸਮੇਂ 'ਤੇ ਗੱਡੀ ਵਿਚ ਹੁੰਦੇ ਹਨ ਜਾਂ ਨਹੀਂ।

ਤਮਾਕੂ ਦੇ ਧੂੰਏਂ ਤੋਂ ਰਹਿਤ ਗੱਡੀਆਂ ਦੇ ਹਰ ਹਿੱਸੇ ਦੇ ਅੰਦਰ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਨਿਸ਼ਾਨ ਲਾਉਣਾ ਜ਼ਰੂਰੀ ਹੈ ਜਿਹਨਾਂ ਵਿਚ ਲੋਕਾਂ ਨੂੰ ਲਿਜਾਇਆ ਜਾ ਸਕਦਾ ਹੈ। ਇਹਦੇ ਵਿਚ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਕੌਮਾਂਤਰੀ ਨਿਸ਼ਾਨ ਸ਼ਾਮਿਲ ਹੋਣਾ ਚਾਹੀਦਾ ਹੈ ਜਿਹਦੀ ਚੌੜਾਈ 70 ਮਿਲੀਮੀਟਰ ਤੋਂ ਘੱਟ ਨਹੀਂ ਹੋਣੀ ਚਾਹੀਦੀ। (ਵਧੇਰੇ ਜਾਣਕਾਰੀ ਲੈਣ ਲਈ ਸਫ਼ਾ 13 ਪੜ੍ਹੋ)।

ਤਮਾਕੂ ਦੇ ਧੂੰਏਂ ਤੋਂ ਰਹਿਤ ਗੱਡੀਆਂ ਵਿਚ ਲੋਕਾਂ ਨੂੰ ਲਿਜਾਣ ਵੇਲੇ ਜੇ ਗੱਡੀ ਦੀ ਛੱਤ ਹਟਾਈ ਜਾਂ ਲਾਹ ਕੇ ਰੱਖੀ ਜਾ ਸਕਦੀ ਹੋਵੇ, ਤਾਂ ਉਹਨਾਂ 'ਤੇ ਉਸ ਵੇਲੇ ਤਮਾਕੂ ਪੀਣ ਦੀ ਮਨਾਹੀ ਵਾਲੇ ਨਿਸ਼ਾਨ ਲਾਉਣਾ ਜ਼ਰੂਰੀ ਨਹੀਂ ਜਦ ਛੱਤ ਹਟਾਈ ਜਾਂ ਲਾਹੀ ਗਈ ਹੋਵੇ।

ਜਿਹਨਾਂ ਗੱਡੀਆਂ ਦੀ ਵਰਤੋਂ ਮੁੱਖ ਰੂਪ ਵਿਚ ਪ੍ਰਾਈਵੇਟ ਕੰਮਾਂ ਲਈ ਕੀਤੀ ਜਾਂਦੀ ਹੈ, ਉਹ ਗੱਡੀਆਂ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਨਹੀਂ ਹੈ।

ਸਮੁੰਦਰੀ ਜਹਾਜ਼ਾਂ ਅਤੇ ਪਾਣੀ 'ਤੇ ਚੱਲਣ ਵਾਲੀਆਂ ਕਿਸ਼ਤੀਆਂ ਵਗ਼ੈਰਾ 'ਤੇ ਖ਼ਾਸ ਨਿਯਮ ਲਾਗੂ ਹੋਣਗੇ ਜਿਹਨਾਂ ਬਾਰੇ ਡਿਪਾਰਟਮੈਂਟ ਫ਼ਾੱਰ ਟ੍ਰਾਂਸਪੋਰਟ ਵਿਚਾਰ ਕਰ ਰਿਹਾ ਹੈ। ਇਹਦੇ ਬਾਰੇ ਵਧੇਰੇ ਜਾਣਕਾਰੀ ਡਿਪਾਰਟਮੈਂਟ ਫ਼ਾੱਰ ਟ੍ਰਾਂਸਪੋਰਟ ਨੂੰ ਇਸ ਪਤੇ 'ਤੇ ਈਮੇਲ ਭੇਜ ਕੇ ਲਈ ਜਾ ਸਕਦੀ ਹੈ, smokingonships@dft.gsi.gov.uk ਜਾਂ ਤੁਸੀਂ ਇਹਨਾਂ ਨੂੰ ਨੰਬਰ 020 7944 5427 'ਤੇ ਫ਼ੋਨ ਕਰੋ।

**ਜਿਸ ਵੀ ਵਿਅਕਤੀ ਦੀ ਜ਼ਿੰਮੇਦਾਰੀ ਗੱਡੀ ਚਲਾਉਣਾ, ਜਾਂ ਗੱਡੀ ਦਾ ਜਾਂ ਗੱਡੀ ਵਿਚ ਨਿਯਮਾਂ ਅਤੇ ਸੁਰੱਖਿਆ ਦਾ ਪ੍ਰਬੰਧ ਚਲਾਉਣਾ ਹੈ, ਉਹਦੀ ਕਾਨੂੰਨੀ ਜ਼ਿੰਮੇਦਾਰੀ ਹੈ ਕਿ ਉਹ ਤਮਾਕੂ ਦੇ ਧੂੰਏਂ ਤੋਂ ਲੋਕਾਂ ਦੀ ਹਿਫ਼ਾਜ਼ਤ ਕਰੇ।**

## ਪ੍ਰਾਈਵੇਟ ਘਰ

ਆਮ ਤੌਰ 'ਤੇ ਇਹ ਨਵਾਂ ਕਾਨੂੰਨ ਪ੍ਰਾਈਵੇਟ ਘਰਾਂ 'ਤੇ ਲਾਗੂ ਨਹੀਂ ਹੁੰਦਾ। ਪਰ, ਜੇ ਕਿਸੇ ਘਰ ਦਾ ਕੋਈ ਬੰਦ ਜਾਂ ਕਾਫ਼ੀ ਹਦ ਤਕ ਬੰਦ ਹਿੱਸਾ ਹੋਰ ਘਰਾਂ ਨਾਲ ਸਾਂਝਾ ਹੈ, ਜਿਵੇਂ ਸਾਂਝੀਆਂ ਪੌੜੀਆਂ ਜਾਂ ਫ਼ਲੈਟਾਂ ਦੇ ਬਲਾਕ ਵਿਚ ਲਿਫ਼ਟ, ਤਾਂ ਇਹ ਥਾਵਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੈ, ਜੇ:

- ਇੱਥੇ ਪਬਲਿਕ ਦੇ ਆਮ ਲੋਕ ਵੀ ਆ ਜਾ ਸਕਦੇ ਹਨ
- ਇਹਦੀ ਵਰਤੋਂ ਕੋਈ ਹੋਰ ਵਿਅਕਤੀ ਕੰਮ ਦੀ ਥਾਂ ਦੇ ਤੌਰ 'ਤੇ ਕਰਦੇ ਹਨ, ਜਿਵੇਂ ਸਫ਼ਾਈ ਕਰਨ ਵਾਲੇ, ਪੋਸਟਮੈਨ ਜਾਂ ਸੈਕਿਉਰਿਟੀ ਗਾਰਡ।

ਆਪਣੇ ਆਪ ਵਿਚ ਮੁਕੰਮਲ ਘਰ (ਜਿਵੇਂ ਕੌਟੇਜ ਜਾਂ ਕੈਰਾਵਾਨ) ਦੀ ਵਰਤੋਂ ਜੇ ਆਰਜ਼ੀ ਤੌਰ 'ਤੇ ਛੁੱਟੀਆਂ ਬਿਤਾਉਣ ਲਈ ਕਰਨੀ ਹੋਵੇ, ਤਾਂ ਕਾਨੂੰਨੀ ਤੌਰ 'ਤੇ ਇਹਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨਾ ਲਾਜ਼ਮੀ ਨਹੀਂ ਹੈ। ਪਰ ਜੇ ਮਾਲਿਕ ਚਾਹੁਣ ਤਾਂ ਇਹਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਬਣਾ ਸਕਦੇ ਹਨ।

ਪ੍ਰਾਈਵੇਟ ਘਰਾਂ ਵਿਚ ਕੰਮ ਕਰਨ ਲਈ ਜਾਣ ਵਾਲੇ ਲੋਕ, ਜਿਵੇਂ ਚੀਜ਼ਾਂ ਦੇਣ, ਅਤੇ ਪਲੰਮਿੰਗ, ਬਿਲਡਿੰਗ ਜਾਂ ਵਾਲ ਸੰਵਾਰਨ ਵਰਗੀਆਂ ਸੇਵਾਵਾਂ ਦੇਣ ਵਾਲੇ, ਹੋਰ ਜਾਣਕਾਰੀ ਜਾਂ ਹਿਦਾਇਤਾਂ ਇਸ ਵੈੱਬਸਾਈਟ ਤੋਂ ਉਤਾਰ ਸਕਦੇ ਹਨ - **smokefreeengland.co.uk/resources**

## ਘਰੋਂ ਕਾਰੋਬਾਰ ਚਲਾਉਣਾ

ਕਿਸੇ ਪ੍ਰਾਈਵੇਟ ਘਰ ਦਾ **ਸਿਰਫ਼** ਕਾਰੋਬਾਰ ਚਲਾਉਣ ਲਈ ਵਰਤਿਆ ਜਾਣ ਵਾਲਾ ਹਿੱਸਾ ਲਾਜ਼ਮੀ ਤੌਰ 'ਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਹੋਣਾ ਚਾਹੀਦਾ ਹੈ, ਜੇ:

- ਇਹਦੀ ਵਰਤੋਂ ਇਕ ਤੋਂ ਵੱਧ ਲੋਕ ਕਰਦੇ ਹਨ, ਜਿਹਨਾਂ ਵਿਚੋਂ ਕੋਈ ਇਸ ਘਰ ਵਿਚ ਨਹੀਂ ਰਹਿੰਦਾ ਜਾਂ ਰਹਿੰਦੀ
- ਆਮ ਪਬਲਿਕ ਦੇ ਲੋਕ ਇਸ ਥਾਂ 'ਤੇ ਚੀਜ਼ਾਂ ਜਾਂ ਸੇਵਾਵਾਂ ਦੇਣ ਜਾਂ ਲੈਣ ਲਈ ਆਉਂਦੇ ਹਨ।




ਜੇ ਤੁਸੀ ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ ਜਾਂ ਗੱਡੀਆਂ ਦਾ ਪ੍ਰਬੰਧ ਚਲਾਉਂਦੇ ਹੋ, ਤਾਂ ਉਹਨਾਂ ਥਾਂਵਾਂ ’ਤੇ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣਾ ਤੁਹਾਡੀ ਕਾਨੂੰਨੀ ਜ਼ਿੰਮੇਦਾਰੀ ਹੈ।



# ਕਿਹੜੇ ਨਿਸ਼ਾਨ ਲਾ ਕੇ ਦਿਖਾਉਣਾ ਮੇਰੇ ਲਈ ਲਾਜ਼ਮੀ ਹੈ?

ਨਵੇਂ ਕਾਨੂੰਨ ਦਾ ਪਾਲਣ ਕਰਨ ਲਈ, ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ ਅਤੇ ਗੱਡੀਆਂ 'ਤੇ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣਾ ਲਾਜ਼ਮੀ ਹੈ। ਇਹਨਾਂ ਨਿਸ਼ਾਨਾਂ ਤੋਂ ਸਪਸ਼ਟ ਹੋ ਜਾਏਗਾ ਕਿ ਕਿਹੜੀਆਂ ਥਾਂਵਾਂ ਅਤੇ ਗੱਡੀਆਂ ਤਮਾਕੂ ਦੇ ਧੂੰਏਂ ਤੋਂ ਰਹਿਤ ਹਨ ਅਤੇ ਇਹ ਵੀ ਕਿ ਤੁਸੀਂ ਨਵੇਂ ਕਾਨੂੰਨ ਦਾ ਪਾਲਣ ਕਰਨ ਲਈ ਲੋੜੀਂਦੇ ਕੰਮ ਕਰ ਰਹੇ ਹੋ।

## ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ 'ਤੇ ਕਿਹੜੇ ਨਿਸ਼ਾਨ ਲਾਉਣਾ ਲਾਜ਼ਮੀ ਹੈ?

ਐਤਵਾਰ 1 ਜੁਲਾਈ ਤੋਂ, ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ ਦੇ ਹਰ ਬੂਹੇ 'ਤੇ ਚੰਗੀ ਤਰ੍ਹਾਂ ਦੇਖੀ ਜਾਣ ਵਾਲੀ ਕਿਸੇ ਥਾਂ 'ਤੇ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣਾ ਲਾਜ਼ਮੀ ਹੈ। ਹਰ ਨਿਸ਼ਾਨ ਬਾਰੇ ਘੱਟੋ ਘੱਟ ਸ਼ਰਤਾਂ ਇਹ ਹਨ:

- ਇਹਦਾ ਆਕਾਰ ਘੱਟੋ ਘੱਟ A5 ਦੇ ਬਰਾਬਰ (210 ਮਿਲੀਮੀਟਰ x 148 ਮਿਲੀਮੀਟਰ) ਹੋਵੇ
- ਇਸ ਨਿਸ਼ਾਨ ਦੇ ਅੰਦਰ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਕੌਮਾਂਤਰੀ ਨਿਸ਼ਾਨ ਸ਼ਾਮਿਲ ਹੋਵੇ, ਜਿਹਦੀ ਚੌੜਾਈ ਘੱਟੋ ਘੱਟ 70 ਮਿਲੀਮੀਟਰ ਹੋਵੇ
- ਇਸ ਵਿਚ ਹੇਠ ਲਿਖੇ ਸ਼ਬਦ ਸੌਖੀ ਤਰ੍ਹਾਂ ਪੜ੍ਹੇ ਜਾ ਸਕਣ ਵਾਲੇ ਅੱਖਰਾਂ ਵਿਚ ਛਪੇ ਹੋਣ:
  **'ਤਮਾਕੂ ਪੀਣਾ ਮਨ੍ਹਾ ਹੈ। ਇਸ ਥਾਂ 'ਤੇ ਤਮਾਕੂ ਪੀਣਾ ਕਾਨੂੰਨ ਦੇ ਖ਼ਿਲਾਫ਼ ਹੈ'**

ਤੁਸੀਂ 'ਇਸ ਥਾਂ' ਦੀ ਬਜਾਇ ਆਪਣੀ ਥਾਂ ਦੀ ਕਿਸਮ ਦੇ ਅਨੁਸਾਰ ਹੋਰ ਸ਼ਬਦਾਂ ਦੀ ਵਰਤੋਂ ਵੀ ਕਰ ਸਕਦੇ ਹੋ, ਜਿਵੇਂ 'ਇਸ ਜਿਮ', 'ਇਸ ਸੈਲੋਨ' ਜਾਂ 'ਇਸ ਰੈਸਟੋਰੈਂਟ' ਵਗ਼ੈਰਾ।

ਵੱਡੇ ਨਿਸ਼ਾਨ ਦੀ ਬਜਾਇ ਘੱਟੋ ਘੱਟ 70 ਮਿਲੀਮੀਟਰ ਚੌੜਾਈ ਵਾਲਾ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਛੋਟਾ ਕੌਮਾਂਤਰੀ ਨਿਸ਼ਾਨ ਤਮਾਕੂ ਦੇ ਧੂੰਏਂ ਤੋਂ ਰਹਿਤ ਥਾਵਾਂ ਦੇ ਅਜਿਹੇ ਬੂਹਿਆਂ 'ਤੇ ਲਾਇਆ ਜਾ ਸਕਦਾ ਹੈ:

- ਜਿਹਨਾਂ ਦੀ ਵਰਤੋਂ ਸਿਰਫ਼ ਸਟਾਫ਼ ਦੇ ਲੋਕ ਕਰਦੇ ਹਨ - ਬਸ਼ਰਤਿ ਉਸ ਥਾਂ 'ਤੇ A5 ਸਾਈਜ਼ ਵਾਲਾ ਘੱਟੋ ਘੱਟ ਇਕ ਨਿਸ਼ਾਨ ਲਾਇਆ ਗਿਆ ਹੋਵੇ।
- ਇਹ ਥਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਕਿਸੇ ਵੱਡੀ ਥਾਂ ਦੇ ਅੰਦਰ ਹੋਵੇ, ਜਿਵੇਂ ਇਨਡੋਰ ਸ਼ੌਪਿੰਗ ਸੈਂਟਰ ਦੇ ਅੰਦਰ ਕੋਈ ਦੁਕਾਨ।

## ਤਮਾਕੂ ਦੇ ਧੂੰਏਂ ਤੋਂ ਰਹਿਤ ਗੱਡੀਆਂ 'ਤੇ ਕਿਹੜੇ ਨਿਸ਼ਾਨ ਲਾਉਣਾ ਲਾਜ਼ਮੀ ਹੈ?

ਤਮਾਕੂ ਦੇ ਧੂੰਏਂ ਤੋਂ ਰਹਿਤ ਗੱਡੀਆਂ ਦੇ ਲੋਕਾਂ ਨੂੰ ਲਿਜਾਣ ਵਾਲੇ ਹਰ ਹਿੱਸੇ ਵਿਚ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਨਿਸ਼ਾਨ ਲਾਉਣਾ ਲਾਜ਼ਮੀ ਹੈ। ਇਸ ਨਿਸ਼ਾਨ ਵਿਚ ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਘੱਟੋ ਘੱਟ 70 ਮਿਲੀਮੀਟਰ ਚੌੜਾਈ ਵਾਲਾ ਕੌਮਾਂਤਰੀ ਨਿਸ਼ਾਨ ਸ਼ਾਮਿਲ ਹੋਣਾ ਚਾਹੀਦਾ ਹੈ।

## ਇਹ ਨਿਸ਼ਾਨ ਮੈਨੂੰ ਕਿੱਥੋਂ ਮਿਲ ਸਕਦੇ ਹਨ?

ਨਵੇਂ ਕਾਨੂੰਨ ਦਾ ਇਕਦਮ ਪਾਲਣ ਕਰਨਾ ਸ਼ੁਰੂ ਕਰਨ ਵਿਚ ਤੁਹਾਡੀ ਮਦਦ ਕਰਨ ਲਈ, ਅਸੀਂ ਇਸ ਗਾਈਡ ਵਿਚ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਉਹ ਮੁਫ਼ਤ ਨਿਸ਼ਾਨ ਸ਼ਾਮਿਲ ਕੀਤੇ ਹਨ ਜੋ ਨਵੇਂ ਕਾਨੂੰਨ ਦੀਆਂ ਸ਼ਰਤਾਂ ਅਨੁਸਾਰ ਸਹੀ ਕਿਸਮ ਦੇ ਹਨ। ਹੋਰ ਨਿਸ਼ਾਨ ਇਸ ਵੈੱਬਸਾਈਟ **smokefreeengland.co.uk/resources** ਤੋਂ ਉਤਾਰ ਕੇ ਛਾਪੇ ਜਾ ਸਕਦੇ ਹਨ, ਜਾਂ ਆਰਡਰ ਕੀਤੇ ਜਾ ਸਕਦੇ ਹਨ। ਤੁਸੀਂ ਸਮੋਕਫ੍ਰੀ ਇੰਗਲੈਂਡ ਦੀ ਜਾਣਕਾਰੀ ਲਾਈਨ ਦੇ ਨੰਬਰ 0800 169 169 7 'ਤੇ ਫ਼ੋਨ ਕਰਕੇ ਵੀ ਇਹ ਨਿਸ਼ਾਨ ਆਰਡਰ ਕਰ ਸਕਦੇ ਹੋ।

ਜਾਂ ਫਿਰ ਤੁਸੀਂ ਬੜੀ ਖ਼ੁਸ਼ੀ ਨਾਲ ਖ਼ੁਦ ਆਪਣੇ ਨਿਸ਼ਾਨ ਬਣਾ ਕੇ ਵੀ ਛਾਪ ਸਕਦੇ ਹੋ, ਬਸ਼ਰਤਿ ਇਹ ਘੱਟੋ ਘੱਟ ਸ਼ਰਤਾਂ ਪੂਰੀਆਂ ਕਰਦੇ ਹੋਣ।

**ਤਮਾਕੂ ਪੀਣ ਦੀ ਮਨਾਹੀ ਕਰਨ ਵਾਲਾ ਨਿਸ਼ਾਨ ਸਿਰਫ਼ ਤਸਵੀਰ ਹੈ ਜਿਸ ਵਿਚ ਘੱਟੋ ਘੱਟ 70 ਮਿਲੀਮੀਟਰ ਚੌੜੇ ਲਾਲ ਘੇਰੇ ਦੇ ਅੰਦਰ ਜਲਦਾ ਹੋਇਆ ਸਿਗਰਟ ਦਿਖਾਇਆ ਗਿਆ ਹੈ, ਅਤੇ ਸਿਗਰਟ ਦੇ ਵਿਚਾਲਿਓਂ ਇਕ ਲਾਲ ਲਾਈਨ ਗੁਜ਼ਰਦੀ ਹੈ।**




**ਸਥਾਨਕ ਕਾਉਂਸਿਲਾਂ ਤਮਾਕੂ ਦੇ ਧੂੰਏ ਤੋਂ ਰਹਿਤ ਕਰਨ ਵਾਲੇ ਨਵੇਂ ਕਾਨੂੰਨ ਲਈ ਲੋਕਾਂ ਨੂੰ ਯਕੀਨੀ ਤੌਰ 'ਤੇ ਤਿਆਰ ਕਰਨ ਲਈ ਕਾਰੋਬਾਰਾਂ ਨੂੰ ਤਕੜਾ ਸਹਿਯੋਗ ਦੇਣਗੀਆਂ**

# ਤਮਾਕੂ ਦੇ ਧੂੰਏ ਤੋਂ ਰਹਿਤ ਕਰਨ ਵਾਲਾ ਕਾਨੂੰਨ ਕਿਵੇਂ ਲਾਗੂ ਕੀਤਾ ਜਾਏਗਾ?

ਇੰਗਲੈਂਡ ਵਿਚ ਇਹ ਕਾਨੂੰਨ ਲਾਗੂ ਕਰਵਾਉਣ ਦੀ ਜ਼ਿੰਮੇਦਾਰੀ ਸਥਾਨਕ ਕਾਉਂਸਿਲਾਂ[1] ਦੀ ਹੋਏਗੀ। 1 ਜੁਲਾਈ 2007 ਤਕ, ਉਹ ਕਾਰੋਬਾਰਾਂ ਨੂੰ ਤਕੜਾ ਸਹਿਯੋਗ ਦੇ ਕੇ ਇਹ ਯਕੀਨੀ ਬਣਾਉਣਗੀਆਂ ਕਿ ਸਭ ਲੋਕਾਂ ਨੂੰ ਪਤਾ ਹੋਵੇ ਕਿ ਤਮਾਕੂ ਦੇ ਧੂੰਏ ਤੋਂ ਰਹਿਤ ਹੋਣ ਲਈ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ।

ਕਾਨੂੰਨ ਲਾਗੂ ਕਰਵਾਉਣ ਦਾ ਢੰਗ ਇਹ ਹੋਏਗਾ ਕਿ ਨਵੇਂ ਕਾਨੂੰਨ ਦਾ ਪਾਲਣ ਕਰਨ ਵਿਚ ਕਾਰੋਬਾਰਾਂ ਦੀ ਮਦਦ ਕੀਤੀ ਜਾਏ। ਪਰ, ਉਹਨਾਂ ਨੂੰ ਕਾਰੋਬਾਰਾਂ ਅਤੇ ਗੱਡੀਆਂ ਦੇ ਅੰਦਰ ਜਾ ਇਹ ਦੇਖਣ ਦਾ ਕਾਨੂੰਨੀ ਹੱਕ ਹੋਏਗਾ ਕਿ ਕੀ ਨਵੇਂ ਕਾਨੂੰਨ ਦਾ ਪਾਲਣ ਕੀਤਾ ਜਾ ਰਿਹਾ ਹੈ?

**ਜੇ ਤੁਸੀਂ ਕਿਸੇ ਅਜਿਹੀ ਥਾਂ ਜਾਂ ਗੱਡੀ ਦਾ ਪ੍ਰਬੰਧ ਚਲਾਉਂਦੇ ਹੋ ਜਾਂ ਇਨ ਚਾਰਜ ਹੋ ਜਿਹਨਾਂ 'ਤੇ ਨਵਾਂ ਕਾਨੂੰਨ ਲਾਗੂ ਹੁੰਦਾ ਹੈ, ਤਾਂ ਇਹਨਾਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨਾ ਅਤੇ ਰੱਖਣਾ ਤੁਹਾਡੀ ਕਾਨੂੰਨੀ ਜ਼ਿੰਮੇਦਾਰੀ ਹੈ।**

1 ਜੁਲਾਈ 2007 ਤੋਂ ਇਕ ਟੈਲੀਫ਼ੋਨ ਲਾਈਨ (0800 587 1667) ਵੀ ਚਾਲੂ ਹੋ ਜਾਏਗੀ, ਜਿਹਦੇ 'ਤੇ ਕਰਮਚਾਰੀ ਅਤੇ ਪਬਲਿਕ ਦੇ ਲੋਕ ਕਾਨੂੰਨ ਦਾ ਉਲੰਘਣ ਹੋ ਸਕਣ ਬਾਰੇ ਰਿਪੋਰਟ ਦੇ ਸਕਣਗੇ। ਇਹ ਜਾਣਕਾਰੀ ਸਹੀ ਕਾਰਵਾਈ ਕਰਨ ਲਈ ਸਥਾਨਕ ਕਾਉਂਸਿਲਾਂ ਕੋਲ ਭੇਜੀ ਜਾਏਗੀ।

ਆਇਰਲੈਂਡ, ਸਕਾਟਲੈਂਡ ਅਤੇ ਨਿਊਜ਼ੀਲੈਂਡ ਵਰਗੇ ਤਮਾਕੂ ਦੇ ਧੂੰਏਂ ਤੋਂ ਰਹਿਤ ਦੇਸ਼ਾਂ ਵਿਚ, ਇਸ ਕਾਨੂੰਨ ਦਾ ਕਾਫ਼ੀ ਜ਼ਿਆਦਾ ਪਾਲਣ ਹੋ ਰਿਹਾ ਹੈ, ਅਤੇ ਕਾਨੂੰਨ ਛੇਤੀ ਹੀ ਖ਼ੁਦ ਹੀ ਆਪ ਨੂੰ ਲਾਗੂ ਕਰਵਾਉਣ ਵਾਲੇ ਬਣ ਜਾਂਦੇ ਹਨ।

ਜੇ ਤੁਸੀਂ ਕੋਈ ਖ਼ਾਸ ਸਵਾਲ ਪੁੱਛਣੇ ਹਨ ਕਿ ਇਸ ਕਾਨੂੰਨ ਦਾ ਤੁਹਾਡੇ ਕਾਰੋਬਾਰ 'ਤੇ ਕੀ ਅਸਰ ਪਏਗਾ, ਤਾਂ ਕਿਰਪਾ ਕਰਕੇ ਆਪਣੀ ਸਥਾਨਕ ਕਾਉਂਸਿਲ ਨਾਲ ਸੰਪਰਕ ਕਰੋ।

## ਕਾਨੂੰਨ ਤੋੜਨ ਦੀਆਂ ਸਜ਼ਾਵਾਂ ਕੀ ਹਨ?

ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਦਾ ਉਲੰਘਣ ਕਰਨ ਵਾਲਾ/ਵਾਲੀ ਹਰ ਵਿਅਕਤੀ ਜੁਰਮ ਕਰ ਰਿਹਾ ਹੋਏਗਾ/ਰਹੀ ਹੋਏਗੀ।

ਹਰ ਅਜਿਹੇ ਜੁਰਮ ਦਾ ਨਿਸ਼ਚਿਤ ਡੰਨ ਹੇਠਾਂ ਲਿਖਿਆ ਗਿਆ ਹੈ:

| ਜੁਰਮ | ਕਿਹਨੂੰ ਜੁਰਮਾਨਾ ਹੁੰਦਾ ਹੈ | ਨਿਸ਼ਚਿਤ ਜੁਰਮਾਨੇ ਵਾਲਾ ਨੋਟਿਸ (ਜੇ 15 ਦਿਨਾਂ ਦੇ ਅੰਦਰ ਦਿੱਤਾ ਜਾਏ) | ਨਿਸ਼ਚਿਤ ਜੁਰਮਾਨੇ ਵਾਲਾ ਨੋਟਿਸ (ਜੇ 29 ਦਿਨਾਂ ਦੇ ਅੰਦਰ ਦਿੱਤਾ ਜਾਏ) | ਅਦਾਲਤ ਵਿਚ ਹੋਣ ਵਾਲਾ ਜੁਰਮਾਨਾ |
|---|---|---|---|---|
| ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਤਮਾਕੂ ਪੀਣਾ | ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਤਮਾਕੂ ਪੀਣ ਵਾਲਾ/ਵਾਲੀ ਕੋਈ ਵੀ | £30 | £50 | £200 ਤਕ |
| ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਤਮਾਕੂ ਪੀਣਾ ਮਨ੍ਹਾ ਕਰਨ ਵਾਲਾ ਨਿਸ਼ਾਨ ਨਾ ਲਾਉਣਾ | ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ ਜਾਂ ਗੱਡੀ ਦਾ ਪ੍ਰਬੰਧ ਚਲਾਉਣ ਜਾਂ ਉੱਥੇ ਰਹਿਣ ਵਾਲਾ/ਵਾਲੀ ਕੋਈ ਵੀ | £150 | £200 | £1000 ਤਕ |
| ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ 'ਤੇ ਕਿਸੇ ਨੂੰ ਤਮਾਕੂ ਪੀਣੋਂ ਨਾ ਰੋਕਣਾ | ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂ ਜਾਂ ਗੱਡੀ ਦਾ ਪ੍ਰਬੰਧ ਚਲਾਉਣ ਜਾਂ ਉਹਨੂੰ ਕੰਟ੍ਰੋਲ ਕਰਨ ਵਾਲਾ/ਵਾਲੀ ਕੋਈ ਵੀ | ਲਾਗੂ ਨਹੀਂ | ਲਾਗੂ ਨਹੀਂ | £2500 ਤਕ |

ਨਿਸ਼ਚਿਤ ਜੁਰਮਾਨੇ ਵਾਲੇ ਨੋਟਿਸ ਵਿਚ ਜੁਰਮ ਦੀ ਕਿਸਮ ਬਾਰੇ ਅਤੇ ਜੁਰਮਾਨੇ ਦੇ ਪੈਸੇ ਦੇਣ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ। ਜਿਹਨੂੰ ਨਿਸ਼ਚਿਤ ਜੁਰਮਾਨੇ ਵਾਲਾ ਨੋਟਿਸ ਮਿਲੇ ਉਹ ਇਸ ਮੁਆਮਲੇ ਨੂੰ ਅਦਾਲਤ ਵਿਚ ਲਿਜਾ ਸਕਦਾ/ਸਕਦੀ ਹੈ। ਜੇ ਉਹ ਜੁਰਮਾਨੇ ਦੇ ਪੈਸੇ ਨਾ ਦੇਵੇ ਤਦ ਵੀ ਇਹ ਮੁਆਮਲਾ ਅਦਾਲਤ ਕੋਲ ਨਿਪਟਾਉਣ ਲਈ ਭੇਜਿਆ ਜਾ ਸਕਦਾ ਹੈ।

[1] ਬੰਦਰਗਾਹਾਂ ਵਿਚ, ਇਸ ਕਾਨੂੰਨ ਨੂੰ ਸਥਾਨਕ ਪੋਰਟ ਹੈਲਥ ਅਥਾਰਿਟੀ ਲਾਗੂ ਕਰਵਾਏਗੀ।

# ਕੀ ਇਸ ਨਵੇਂ ਕਾਨੂੰਨ ਤੋਂ ਕੋਈ ਛੋਟਾਂ ਵੀ ਮਿਲਦੀਆਂ ਹਨ?

ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਤੋਂ ਸਿਰਫ਼ ਕੁਝ ਸਖ਼ਤ ਸ਼ਰਤਾਂ ਦੇ ਆਧਾਰ ’ਤੇ ਸਿਰਫ਼ ਥੋੜੀਆਂ ਜਿਹੀਆਂ ਥਾਂਵਾਂ ਨੂੰ ਛੋਟ ਮਿਲੇਗੀ। ਕੰਮ ਦੀਆਂ ਕੁਝ ਖ਼ਾਸ ਹਾਲਾਤ ਵਾਲੀਆਂ ਥਾਂਵਾਂ ਨੂੰ ਛੋਟਾਂ ਦਿੱਤੀਆਂ ਗਈਆਂ ਹਨ।

ਹੇਠ ਲਿਖੀਆਂ ਕਿਸਮਾਂ ਦੀਆਂ ਥਾਂਵਾਂ ’ਤੇ ਮੈਨੇਜਰਾਂ ਨੂੰ ਕੁਝ ਖ਼ਾਸ ਕਮਰੇ ਤਮਾਕੂ ਪੀਣ ਲਈ ਨਿਸ਼ਚਿਤ ਕਰਨ ਦੀਆਂ ਛੋਟਾਂ ਮਿਲੀਆਂ ਹਨ:

- ਹੋਟਲ, ਸਰਾਵਾਂ, ਗੈਸਟਹਾਊਸ ਅਤੇ ਮੈਂਬਰਾਂ ਦੇ ਕਲੱਬ ਜਿਹਨਾਂ ਵਿਚ ਸੌਣ ਲਈ ਕਮਰੇ ਮਿਲਦੇ ਹਨ, ਉੱਥੇ ਕੁਝ ਮਹਿਮਾਨਾਂ ਦੇ ਕਮਰਿਆਂ ਨੂੰ ਤਮਾਕੂ ਪੀਣ ਵਾਲੇ ਕਮਰੇ ਬਣਾਇਆ ਜਾ ਸਕਦਾ ਹੈ, ਪਰ ਇੱਥੇ ਹੋਰ ਸਭ ਥਾਂਵਾਂ ਲਾਜ਼ਮੀ ਤੌਰ ’ਤੇ ਤਮਾਕੂ ਦੇ ਧੂੰਏਂ ਤੋਂ ਰਹਿਣ ਹੋਣੀਆਂ ਚਾਹੀਦੀਆਂ ਹਨ। ਵੱਖਰੇ ਪ੍ਰਬੰਧਾਂ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਡੌਰਮਿਟਰੀਆਂ ਅਤੇ ਹੋਰ ਸਾਂਝੀਆਂ ਥਾਂਵਾਂ ਹਰ ਵੇਲੇ ਲਾਜ਼ਮੀ ਤੌਰ ’ਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ
- ਕੇਅਰ ਹੋਮਾਂ[1], ਹੋਸਪਿਸਾਂ[2] ਅਤੇ ਜੇਲ੍ਹਾਂ ਵਿਚ ਖ਼ਾਸ ਇਕੱਲਾ ਜਾਂ ਇਕੱਲੇ ਬੈੱਡਰੂਮ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਤਮਾਕੂ ਪੀਣ ਲਈ ਨਿਸ਼ਚਿਤ ਕੀਤੇ ਜਾ ਸਕਦੇ ਹਨ
- ਰੈਜ਼ੀਡੈਂਸ਼ਿਅਲ ਮੈਂਟਲ ਹੈਲਥ ਯੂਨਿਟਾਂ[3] ਵਿਚ ਖ਼ਾਸ ਇਕੱਲਾ ਜਾਂ ਇਕੱਲੇ ਬੈੱਡਰੂਮ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਤਮਾਕੂ ਪੀਣ ਲਈ ਨਿਸ਼ਚਿਤ ਕੀਤੇ ਜਾ ਸਕਦੇ ਹਨ। ਇਹ ਛੋਟ ਸਿਰਫ਼ 1 ਜੁਲਾਈ 2008 ਤਕ ਹੀ ਮਿਲੇਗੀ, ਅਤੇ ਇਹਤੋਂ ਬਾਅਦ ਇਹਨਾਂ ਯੂਨਿਟਾਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਬਣਾਉਣਾ ਲਾਜ਼ਮੀ ਹੋਏਗਾ।
- ਔਫ਼ਸ਼ੋਰ ਇੰਸਟਾਲੇਸ਼ਨਾਂ[4] ਵਿਚ ਕਮਰਿਆਂ ਨੂੰ ਸਿਰਫ਼ ਤਮਾਕੂ ਪੀਣ ਲਈ ਨਿਸ਼ਚਿਤ ਕਮਰੇ ਬਣਾਇਆ ਜਾ ਸਕਦਾ ਹੈ।
- ਖ਼ਾਸ ਤੌਰ ’ਤੇ ਤਮਾਕੂ ਵੇਚਣ ਵਾਲੇ ਆਪਣੀਆਂ ਦੁਕਾਨਾਂ[5] ਦੇ ਅੰਦਰ ਲੋਕਾਂ ਨੂੰ ਨਮੂਨੇ ਵਾਲੇ ਸਿਗਾਰ ਜਾਂ ਪਾਈਪ ਵਾਲਾ ਥੋੜਾ ਜਿਹਾ ਤਮਾਕੂ ਪੀਣ ਦੀ ਇਜਾਜ਼ਤ ਦੇ ਸਕਦੇ ਹਨ। ਸਿਗਰਟਾਂ ਸਮੇਤ ਤਮਾਕੂ ਵਾਲੀਆਂ ਹੋਰ ਚੀਜ਼ਾਂ ਪੀਣਾ ਮਨ੍ਹਾ ਹੋਏਗਾ।
- ਖੋਜ ਪੜਤਾਲ ਅਤੇ ਟੈਸਟ ਕਰਨ ਵਾਲੇ ਕੁਝ ਕਮਰਿਆਂ ਨੂੰ ਸਿਰਫ਼ ਤਮਾਕੂ ਪੀਣ ਲਈ ਵਰਤੇ ਜਾਣ ਵਾਲੇ ਕਮਰੇ ਸਿਰਫ਼ ਉਂਨੇ ਸਮੇਂ ਲਈ ਬਣਾ ਸਕਦੇ ਹਨ ਜਦ ਇਹਨਾਂ ਕਮਰਿਆਂ ਦੀ ਵਰਤੋਂ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਨਵੇਂ ਕਾਨੂੰਨ ਵਿਚ ਦੱਸੇ ਖੋਜ ਪੜਤਾਲ ਜਾਂ ਟੈਸਟ ਕਰਨ ਵਾਲੇ ਕੰਮਾਂ ਲਈ ਕੀਤੀ ਜਾ ਰਹੀ ਹੋਵੇ।

1 ਕੇਅਰ ਹੋਮ, ਜਿਹਨਾਂ ਦੀ ਪਰਿਭਾਸ਼ਾ ਕੇਅਰ ਸਟੈਂਡਰਡਜ਼ ਐਕਟ 2000 ਦੇ ਸੈਕਸ਼ਨ 3 ਵਿਚ ਦਿੱਤੀ ਗਈ ਹੈ।

2 ਉਹ ਹੋਸਪਿਸ ਜਿਹਨਾਂ ਦਾ ਪੂਰੇ ਤੌਰ ’ਤੇ ਜਾਂ ਕੁਝ ਹਦ ਤਕ ਕੰਮ ਉੱਥੇ ਰਹਿਣ ਵਾਲੇ ਅਜਿਹੇ ਲੋਕਾਂ ਦਾ ਦਰਦ ਘਟਾਉਣ ਵਾਲਾ ਇਲਾਜ ਕਰਨਾ ਹੈ ਜਿਹਨਾਂ ਲੋਕਾਂ ਦੇ ਵਧ ਰਹੇ ਰੋਗ ਆਖ਼ਰੀ ਪੜਾਅ ’ਤੇ ਹਨ।

3 ਰੈਜ਼ੀਡੈਂਸ਼ਿਅਲ ਮੈਂਟਲ ਹੈਲਥ ਯੂਨਿਟ ਦਾ ਅਰਥ ਹੈ ਕੋਈ ਵੀ ਸੰਸਥਾ (ਜਾਂ ਕਿਸੇ ਸੰਸਥਾ ਦਾ ਹਿੱਸਾ) ਪੂਰੀ ਤਰ੍ਹਾਂ ਜਾਂ ਮੁੱਖ ਤੌਰ ’ਤੇ ਅਜਿਹੇ ਲੋਕਾਂ ਨੂੰ ਰੱਖਣ ਅਤੇ ਉਹਨਾਂ ਦੇ ਇਲਾਜ ਲਈ ਹੈ ਜਿਹਨਾਂ ਨੂੰ ਕੋਈ ਅਜਿਹਾ ਮਾਨਸਿਕ ਰੋਗ ਹੈ, ਜਿਹਦੀ ਪਰਿਭਾਸ਼ਾ ਮੈਂਟਲ ਹੈਲਥ ਐਕਟ 1983 ਦੇ ਸੈਕਸ਼ਨ 1(2) ਵਿਚ ਦਿੱਤੀ ਗਈ ਹੈ।

4 ਔਫ਼ਸ਼ੋਰ ਇੰਸਟਾਲੇਸ਼ਨਾਂ, ਔਫ਼ਸ਼ੋਰ ਇੰਸਟਾਲੇਸ਼ਨਜ਼ ਐਂਡ ਪਾਈਪਲਾਈਨ ਵਰਕਸ (ਮੈਨੇਜਮੈਂਟ ਐਂਡ ਐਡਮਿਨਿਸਟ੍ਰੇਸ਼ਨ) ਰੈਗੂਲੇਸ਼ਨਜ਼ 1995 ਦੇ ਸੈਕਸ਼ਨ 3 ਵਿਚ ਦਿੱਤੀ ਪਰਿਭਾਸ਼ਾ ਅਨੁਸਾਰ।

5 ਤਮਾਕੂ ਵੇਚਣ ਵਾਲੀਆਂ ਸਿਰਫ਼ ਖ਼ਾਸ ਦੁਕਾਨਾਂ ਜਿਹਨਾਂ ਦੀ ਪਰਿਭਾਸ਼ਾ ਟਬਾਕੋ ਐਡਵਰਟਾਈਜ਼ਿੰਗ ਐਂਡ ਪ੍ਰੋਮੋਸ਼ਨ ਐਕਟ 2002 ਦੇ ਸੈਕਸ਼ਨ 6(2) ਵਿਚ ਦਿੱਤੀ ਗਈ ਹੈ।

## ਕਮਰਿਆਂ ਨੂੰ ਤਮਾਕੂ ਪੀਣ ਲਈ ਨਿਸ਼ਚਿਤ ਕਰਨ ਲਈ ਕਿਹੜੀਆਂ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਹੈ?

ਸਫ਼ਾ 16 'ਤੇ ਦੱਸੇ ਅਨੁਸਾਰ ਨਿਸ਼ਚਿਤ ਕੀਤੇ ਕਮਰਿਆਂ ਜਾਂ ਬੈੱਡਰੂਮਾਂ ਵਿਚੋਂ ਕਿਸੇ ਵਿਚ ਤਮਾਕੂ ਪੀਣ ਦੀ ਇਜਾਜ਼ਤ ਦੇਣ ਲਈ ਉਸ ਥਾਂ ਨੂੰ ਕੰਟ੍ਰੋਲ ਕਰਨ ਵਾਲੇ/ਵਾਲੀ ਜਾਂ ਉਹਦਾ ਪ੍ਰਬੰਧ ਚਲਾਉਣ ਵਾਲੇ/ਵਾਲੀ ਦੀ ਇਹ ਕਾਨੂੰਨੀ ਜ਼ਿੰਮੇਦਾਰੀ ਹੋਏਗੀ ਕਿ ਉਹ ਯਕੀਨੀ ਬਣਾਏ ਕਿ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹੋਣ:

ਇਹ ਲਾਜ਼ਮੀ ਹੈ ਕਿ ਜਿਸ ਕਮਰੇ ਵਿਚ ਤਮਾਕੂ ਪੀਣ ਦੀ ਇਜਾਜ਼ਤ ਦੇਣੀ ਹੈ:

- ਉਸ ਕਮਰੇ ਨੂੰ ਇਸ ਥਾਂ ਦਾ/ਦੀ ਇੰਨ ਚਾਰਜ ਲਿਖਤੀ ਰੂਪ ਵਿਚ ਇਸ ਕੰਮ ਲਈ ਨਿਸ਼ਚਿਤ ਕਮਰਾ ਬਣਾਏ। ਇਹ ਲਿਖਤ ਪੱਕੇ ਤੌਰ 'ਤੇ ਸੰਭਾਲ ਕੇ ਰੱਖਣਾ ਲਾਜ਼ਮੀ ਹੈ, ਅਤੇ ਜੇ ਕਾਨੂੰਨ ਲਾਗੂ ਕਰਵਾਉਣ ਵਾਲਾ ਅਫ਼ਸਰ ਇਹਨੂੰ ਦੇਖਣ ਦੀ ਮੰਗ ਕਰੇ ਤਾਂ ਇਹ ਉਹਨੂੰ ਦਿਖਾਈ ਜਾਏ। ਇਹ ਸ਼ਰਤ ਤਮਾਕੂ ਵੇਚਣ ਵਾਲੀਆਂ ਖ਼ਾਸ ਦੁਕਾਨਾਂ 'ਤੇ ਲਾਗੂ ਨਹੀਂ ਹੁੰਦੀ
- ਇਸ ਕਮਰੇ 'ਤੇ ਛੱਤ ਹੋਣਾ ਲਾਜ਼ਮੀ ਹੈ, ਅਤੇ ਬੂਹਿਆਂ ਅਤੇ ਖਿੜਕੀਆਂ ਨੂੰ ਛੱਡ ਕੇ ਬਾਕੀ ਠੋਸ ਕੰਧਾਂ ਫ਼ਰਸ਼ ਤੋਂ ਛੱਤ ਤਕ ਹੋਣੀਆਂ ਚਾਹੀਦੀਆਂ ਹਨ
- ਇਸ ਵਿਚੋਂ ਹਵਾ ਦੇ ਨਿਕਾਸ ਦਾ ਅਜਿਹਾ ਪ੍ਰਬੰਧ ਬਿਲਕੁਲ ਨਹੀਂ ਹੋਣਾ ਚਾਹੀਦਾ ਜਿਹਦੇ ਨਾਲ ਇਹਦੀ ਹਵਾ ਬਾਹਰ ਇਸ ਥਾਂ ਦੇ ਹੋਰ ਹਿੱਸਿਆਂ (ਤਮਾਕੂ ਪੀਣ ਲਈ ਨਿਸ਼ਚਿਤ ਕੀਤੇ ਹੋਰ ਕਮਰਿਆਂ ਨੂੰ ਛੱਡ ਕੇ) ਤਕ ਜਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਹਿੱਸਿਆਂ ਤਕ ਜਾਏ
- ਇਹਦੇ ਮਕੈਨੀਕਲ ਢੰਗ ਨਾਲ ਚੱਲਣ ਵਾਲੇ ਬੂਹੇ ਹੋਣਾ ਲਾਜ਼ਮੀ ਹੈ, ਜੋ ਹੋਰ ਕਾਨੂੰਨਾਂ ਦੀਆਂ ਸ਼ਰਤਾਂ ਵੀ ਪੂਰੀਆਂ ਕਰਦੇ ਹੋਣ, ਜਿਹਨਾਂ ਵਿਚ ਅੱਗ ਬਾਰੇ ਨਿਯਮ ਵੀ ਸ਼ਾਮਿਲ ਹਨ। ਇਹ ਸ਼ਰਤ ਜੇਲ੍ਹਾਂ 'ਤੇ ਲਾਗੂ ਨਹੀਂ ਹੁੰਦੀ
- ਇਹਦੇ 'ਤੇ ਸਪਸ਼ਟ ਲਿਖਿਆ ਹੋਵੇ ਕਿ ਇਸ ਕਮਰੇ ਵਿਚ ਤਮਾਕੂ ਪੀਣ ਦੀ ਇਜਾਜ਼ਤ ਹੈ। ਤੁਸੀਂ ਲੋਕਾਂ ਨੂੰ ਇਹ ਚੇਤਾਵਨੀ ਦੇਣ ਲਈ ਆਪਣੇ ਨਿਸ਼ਾਨ ਬਣਾ ਸਕਦੇ ਹੋ ਕਿ ਉਹਨਾਂ ਨੂੰ ਹੋਰ ਲੋਕਾਂ ਦੇ ਪੀਤੇ ਤਮਾਕੂ ਦਾ ਧੂੰਆਂ ਕਿੱਥੇ ਮਿਲ ਸਕਦਾ ਹੈ

ਜੇ ਉੱਪਰ ਲਿਖੀਆਂ ਸਾਰੀਆਂ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ, ਤਾਂ ਕੋਈ ਕਮਰਾ ਤਮਾਕੂ ਪੀਣ ਲਈ ਨਹੀਂ ਵਰਤਿਆ ਜਾ ਸਕਦਾ ਅਤੇ ਇਹਨੂੰ ਹਰ ਵੇਲੇ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੋਏਗਾ। ਇਸ ਥਾਂ ਨੂੰ ਕੰਟ੍ਰੋਲ ਕਰਨ ਵਾਲੇ/ਵਾਲੀ ਜਾਂ ਇਹਦਾ ਪ੍ਰਬੰਧ ਚਲਾਉਣ ਵਾਲੇ/ਵਾਲੀ ਦੀ ਕਾਨੂੰਨੀ ਜ਼ਿੰਮੇਦਾਰੀ ਹੈ ਕਿ ਉਹ ਲੋਕਾਂ ਨੂੰ ਉਹਨਾਂ ਸਭ ਥਾਂਵਾਂ 'ਤੇ ਤਮਾਕੂ ਦੇ ਧੂੰਏਂ ਤੋਂ ਬਚਾਏ ਜਿਹਨਾਂ ਥਾਂਵਾਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੈ।

ਜੇ ਤੁਹਾਨੂੰ ਕੋਈ ਸ਼ੱਕ ਹੈ ਕਿ ਜਿਸ ਕਮਰੇ ਨੂੰ ਤੁਸੀਂ ਤਮਾਕੂ ਪੀਣ ਲਈ ਨਿਸ਼ਚਿਤ ਕਰਨਾ ਚਾਹੁੰਦੇ ਹੋ, ਉਹ ਉੱਪਰ ਸੰਖੇਪ ਵਿਚ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਜਾਂ ਨਹੀਂ, ਤਾਂ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੇ ਸੁਝਾਓ ਬਾਰੇ ਪਹਿਲਾਂ ਹੀ ਆਪਣੀ ਸਥਾਨਕ ਕਾਉਂਸਿਲ ਨਾਲ ਗੱਲ ਕਰ ਲਓ।

ਉਹਨਾਂ ਸਭ ਹਾਲਤਾਂ ਵਿਚ ਜਦ ਕੋਈ 'ਕਮਰਾ ਸਿਰਫ਼ ਤਮਾਕੂ ਪੀਣ ਲਈ ਵਰਤਿਆ ਜਾ ਸਕਦਾ ਹੈ' (ਦੇਖੋ ਸਫ਼ਾ 16), ਇਹਦਾ ਅਰਥ ਹੈ ਕਿ ਕਿਸੇ ਹੋਰ ਕੰਮ ਲਈ ਇਹਦੀ ਵਰਤੋਂ ਕਰਨ - ਜਿਵੇਂ ਟੈਲੀਵਿਯਨ ਦੇਖਣ ਜਾਂ ਲਾਇਬ੍ਰੇਰੀ ਦੇ ਤੌਰ ਤੇ ਵਰਤਣ - ਦੀ ਇਜਾਜ਼ਤ ਨਹੀਂ।

ਭਾਵੇਂ ਕਾਨੂੰਨ ਇਹ ਕੁਝ ਛੋਟਾਂ ਦਿੰਦਾ ਹੈ, ਪਰ ਕੰਮ ਦੀ ਕਿਸੇ ਥਾਂ ਦੇ ਪ੍ਰਬੰਧਕ ਜੇ ਸਿਰਫ਼ ਤਮਾਕੂ ਪੀਣ ਲਈ ਨਿਸ਼ਚਿਤ ਕਮਰਾ ਜਾਂ ਬੈੱਡਰੂਮ ਨਹੀਂ ਦੇਣਾ ਚਾਹੁੰਦੇ, ਤਾਂ ਅਜਿਹਾ ਕਰਨਾ ਉਹਨਾਂ ਲਈ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ।

ਕਰਮਚਾਰੀਆਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਬਾਰੇ ਨੌਕਰੀ ਦੇਣ ਵਾਲਿਆਂ ਦੀਆਂ ਕਾਨੂੰਨੀ ਜ਼ਿੰਮੇਦਾਰੀਆਂ ਵੀ ਕੰਮ 'ਤੇ ਸਿਹਤ ਅਤੇ ਸੁਰੱਖਿਆ ਲਈ ਪਹਿਲਾਂ ਬਣੇ ਹੋਏ ਕਾਨੂੰਨਾਂ ਦੇ ਅਨੁਸਾਰ ਕਾਇਮ ਰਹਿਣਗੀਆਂ। ਹੋਰ ਸਲਾਹ ਲੈਣ ਬਾਰੇ ਸਫ਼ਾ 18 ਪੜ੍ਹੋ।

## ਨਾਟਕਾਂ ਦੇ ਕਲਾਕਾਰ

ਜਿੱਥੇ ਕਿਸੇ ਨਾਟਕ ਦੀ ਕਲਾਤਮਕਤਾ ਨੂੰ ਕਾਇਮ ਰੱਖਣ ਲਈ ਉਸ ਵਿਚ ਹਿੱਸਾ ਲੈ ਰਹੇ ਕਿਸੇ ਕਲਾਕਾਰ ਲਈ ਤਮਾਕੂ ਪੀਣਾ ਜ਼ਰੂਰੀ ਹੈ, ਤਾਂ ਜਿਸ ਥਾਂ 'ਤੇ ਉਹ ਕਲਾਕਾਰ ਅਭਿਨੈ ਕਰਦਾ/ਕਰਦੀ ਹੈ ਉਸ ਥਾਂ ਨੂੰ ਸਿਰਫ਼ ਉਸ ਕਲਾਕਾਰ ਲਈ ਨਾਟਕ ਖੇਡੇ ਜਾਣ ਵੇਲੇ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਨਹੀ ਹੈ। ਇਹ ਛੋਟ ਰਿਹਰਸਲਾਂ 'ਤੇ ਲਾਗੂ ਨਹੀਂ ਹੁੰਦੀ।

ਉਸ ਕਲਾਕਾਰ ਅਤੇ ਉਸ ਥਾਂ ਨੂੰ ਕੰਟ੍ਰੋਲ ਕਰਨ ਵਾਲੇ/ਵਾਲੀ ਜਾਂ ਪ੍ਰਬੰਧ ਚਲਾਉਣ ਵਾਲੇ/ਵਾਲੀ ਨੂੰ ਵੀ ਨਵੇਂ ਕਾਨੂੰਨ ਦੀਆਂ ਸ਼ਰਤਾਂ ਦਾ ਪਾਲਣ ਕਰਨਾ ਪਏਗਾ। ਜੇ ਕਾਨੂੰਨ ਦਾ ਪਾਲਣ ਨਾ ਕੀਤਾ ਜਾਏ, ਤਾਂ ਦੋਹਾਂ ਨੂੰ ਜੁਰਮ ਦੇ ਅਨੁਸਾਰ ਜੁਰਮਾਨਾ ਹੋ ਸਕਦਾ ਹੈ ਜਾਂ ਉਹਨਾਂ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ। ਸਾਡੀ ਸਲਾਹ ਹੈ ਕਿ ਹੋਰ ਜਾਣਕਾਰੀ ਲੈਣ ਲਈ ਤੁਸੀਂ ਆਪਣੀ ਸਥਾਨਕ ਕਾਉਂਸਿਲ ਨਾਲ ਪਹਿਲਾਂ ਹੀ ਗੱਲ ਕਰ ਲਓ।

## ਛੋਟਾਂ ਵਾਲੀਆਂ ਥਾਂਵਾਂ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਕੀ ਬਣੇਗਾ?

ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਦੇ ਆਉਣ ਤੋਂ ਬਾਅਦ ਵੀ, ਹੈਲਥ ਐਂਡ ਸੇਫ਼ਟੀ ਐਟ ਵਰਕ ਕਾਨੂੰਨ ਦੇ ਅਨੁਸਾਰ ਨੌਕਰੀ ਦੇਣ ਵਾਲਿਆਂ ਦਾ ਫ਼ਰਜ਼ ਕਾਇਮ ਰਹੇਗਾ। ਕੰਮ ਦੀ ਥਾਂ 'ਤੇ ਜਿੱਥੇ ਕਰਮਚਾਰੀਆਂ ਨੂੰ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਤੋਂ ਦੂਰ ਨਾ ਰੱਖਿਆ ਜਾ ਸਕਦਾ ਹੋਵੇ, ਉੱਥੇ ਨੌਕਰੀ ਦੇਣ ਵਾਲੇ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕਰਮਚਾਰੀਆਂ ਤਕ ਇਹ ਧੂੰਆਂ ਘੱਟ ਤੋਂ ਘੱਟ ਪਹੁੰਚਣ ਦੇਣ ਲਈ ਜਾਂ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਤੋਂ ਕਰਮਚਾਰੀਆਂ ਨੂੰ ਹੋਰ ਢੰਗਾਂ ਨਾਲ ਬਚਾਉਣ ਲਈ ਕੀ ਕੀਤਾ ਜਾ ਸਕਦਾ ਹੈ।

ਕੰਮ ਦੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਬਾਰੇ ਹੋਰ ਜਾਣਕਾਰੀ ਹੈਲਥ ਐਂਡ ਸੇਫ਼ਟੀ ਐਗਜ਼ੈਕਟਿਵ ਦੀ ਵੈੱਬਸਾਈਟ **hse.gov.uk** ਤੋਂ ਜਾਂ ਨੰਬਰ 0845 345 0055 'ਤੇ ਫ਼ੋਨ ਕਰਕੇ ਲਈ ਜਾ ਸਕਦੀ ਹੈ।



# ਅਕਸਰ ਪੁੱਛੇ ਜਾਣ ਵਾਲੇ ਸਵਾਲ

**ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲਾ ਨਵਾਂ ਕਾਨੂੰਨ ਕਦ ਲਾਗੂ ਹੋਏਗਾ?** ਐਤਵਾਰ 1 ਜੁਲਾਈ 2007 ਨੂੰ।

**ਇਸ ਕਾਨੂੰਨ ਦਾ ਪਾਲਣ ਕੌਣ ਕਰਵਾਏਗਾ?** ਸਥਾਨਕ ਕਾਉਂਸਿਲਾਂ ਅਤੇ ਪੋਰਟ ਹੈਲਥ ਅਥਾਰਿਟੀਆਂ ਇਸ ਨਵੇਂ ਕਾਨੂੰਨ ਦਾ ਪਾਲਣ ਕਰਵਾਉਣਗੀਆਂ, ਅਤੇ ਉਹਨਾਂ ਕੋਲ ਪਾਲਣ ਕਰਵਾਉਣ ਵਾਲੇ ਅਫ਼ਸਰ - ਜਿਵੇਂ ਐਨਵਾਇਰਨਮੈਂਟਲ ਹੈਲਥ ਅਫ਼ਸਰ, ਟ੍ਰੇਡਿੰਗ ਸਟੈਂਡਰਡਜ਼ ਜਾਂ ਸਥਾਨਕ ਕਮਿਉਨਿਟੀ ਸੁਪੋਰਟ ਅਫ਼ਸਰ - ਨਿਯੁਕਤ ਕਰਨ ਦੀ ਸ਼ਕਤੀ ਹੋਏਗੀ।

**ਕੀ ਇਹ ਕਾਨੂੰਨ ਸਿਰਫ਼ ਸਿਗਰਟਾਂ 'ਤੇ ਲਾਗੂ ਹੁੰਦਾ ਹੈ?** ਨਹੀਂ, ਇਹ ਕਾਨੂੰਨ ਉਹਨਾਂ ਸਭ ਚੀਜ਼ਾਂ 'ਤੇ ਲਾਗੂ ਹੁੰਦਾ ਹੈ ਜਿਹਨਾਂ ਨੂੰ ਅੱਗ ਲਾ ਕੇ ਉਹਨਾਂ ਦਾ ਧੂੰਆਂ ਲੋਕ ਸਾਹ ਰਾਹੀਂ ਅੰਦਰ ਖਿੱਚ ਸਕਦੇ ਹਨ। ਇਹਨਾਂ ਵਿਚ ਬਣੇ ਬਣਾਏ ਸਿਗਰਟ, ਖ਼ੁਦ ਗੋਲ ਕਰਕੇ ਬਣਾਏ ਸਿਗਰਟ, ਪਾਈਪ, ਸਿਗਾਰ, ਹਰਬਲ ਸਿਗਰਟ ਅਤੇ ਪਾਣੀ ਵਾਲੇ ਪਾਈਪ (ਜਿਵੇਂ ਸ਼ਿਸ਼ਾ, ਹੁੱਕਾ ਅਤੇ ਹਬਲ-ਬਬਲ ਪਾਈਪ) ਵੀ ਸ਼ਾਮਿਲ ਹਨ।

**ਕੀ ਮੈਂ ਹਾਲੇ ਵੀ ਸਟਾਫ਼ ਦੇ ਤਮਾਕੂ ਪੀਣ ਲਈ ਕਮਰਾ ਰੱਖ ਸਕਦਾ/ਸਕਦੀ ਹਾਂ?** ਨਹੀਂ, ਪਰ ਤੁਸੀਂ ਤਮਾਕੂ ਪੀਣ ਲਈ ਬਾਹਰ ਕੋਈ ਥਾਂ ਬਣਾ ਸਕਦੇ ਹੋ, ਹਾਲਾਂਕਿ ਅਜਿਹਾ ਕਰਨਾ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹੈ। ਇਹ ਫ਼ੈਸਲਾ ਕਰਨ ਵੇਲੇ, ਖ਼ਿਆਲ ਰੱਖੋ ਕਿ ਇਹ ਥਾਂ 'ਬੰਦ' ਜਾਂ 'ਕਾਫ਼ੀ ਹਦ ਤਕ ਬੰਦ' ਨਾ ਹੋਵੇ। ਤੁਹਾਨੂੰ ਪਲਾਨਿੰਗ, ਲਾਈਸੰਸਿੰਗ ਅਤੇ ਬਿਲਡਿੰਗ ਕੰਟ੍ਰੋਲ, ਸ਼ੋਰ ਸ਼ਰਾਬੇ ਅਤੇ ਕੂੜੇ ਵਰਗੀਆਂ ਗੱਲਾਂ ਬਾਰੇ ਵੀ ਵਿਚਾਰ ਕਰਨਾ ਪਏਗਾ।

**ਕੀ ਮੈਂ ਆਪਣੀ ਕਾਰ ਵਿਚ ਤਮਾਕੂ ਪੀ ਸਕਦਾ/ਸਕਦੀ ਹਾਂ?** ਹਾਂ, ਨਵਾਂ ਕਾਨੂੰਨ ਉਹਨਾਂ ਗੱਡੀਆਂ 'ਤੇ ਲਾਗੂ ਨਹੀਂ ਹੁੰਦਾ, ਜਿਹਨਾਂ ਦੀ ਵਰਤੋਂ ਮੁੱਖ ਤੌਰ 'ਤੇ ਪ੍ਰਾਈਵੇਟ ਕੰਮਾਂ ਲਈ ਹੁੰਦੀ ਹੈ।

**ਮੇਰੇ ਕੰਮ ਵਾਲੀ ਗੱਡੀ ਤਮਾਕੂ ਪੀਣ ਵਾਲੇ ਕਿਸੇ ਹੋਰ ਵਿਅਕਤੀ ਨਾਲ ਸਾਂਝੀ ਹੈ। ਕੀ ਅਸੀਂ ਹਾਲੇ ਵੀ ਉਸ ਵਿਚ ਤਮਾਕੂ ਪੀ ਸਕਦੇ ਹਾਂ?** ਨਹੀਂ, ਇਹ ਕਾਨੂੰਨ ਤਮਾਕੂ ਨਾ ਪੀਣ ਵਾਲਿਆਂ ਨੂੰ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਤੋਂ ਬਚਾਉਣ ਲਈ ਬਣਾਇਆ ਗਿਆ ਹੈ। ਕੰਮ ਵਾਲੀਆਂ ਗੱਡੀਆਂ ਵਿਚ ਤਮਾਕੂ ਪੀਣ ਦੀ ਇਜਾਜ਼ਤ ਤਦ ਹੀ ਦਿੱਤੀ ਜਾਏਗੀ ਜੇ ਇਹਦੀ ਵਰਤੋਂ ਸਿਰਫ਼ ਡ੍ਰਾਈਵਰ ਹੀ ਕਰਦਾ/ਕਰਦੀ ਹੈ, ਅਤੇ ਹੋਰ ਕੋਈ ਵਿਅਕਤੀ ਡ੍ਰਾਈਵਰ ਜਾਂ ਮੁਸਾਫ਼ਿਰ ਦੇ ਤੌਰ 'ਤੇ ਨਹੀਂ ਕਰਦਾ/ਕਰਦੀ।

**ਮੈਂ ਘਰੋਂ ਕੰਮ ਕਰਦਾ/ਕਰਦੀ ਹਾਂ। ਕੀ ਮੈਨੂੰ ਕੰਮ ਦੀ ਥਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣੀ ਪਏਗੀ?** ਜੇ ਕਿਸੇ ਪ੍ਰਾਈਵੇਟ ਘਰ ਦੇ ਕਿਸੇ ਹਿੱਸੇ ਦੀ ਵਰਤੋਂ ਇਕ ਤੋਂ ਵੱਧ ਲੋਕ ਸਿਰਫ਼ ਕਾਰੋਬਾਰ ਚਲਾਉਣ ਲਈ ਕਰਦੇ ਹਨ, ਤਾਂ ਇਹ ਥਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੈ।

**ਕੀ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲਾ ਨਵਾਂ ਕਾਨੂੰਨ ਵਾਲੰਟਰੀ ਕੰਮ ਲਈ ਵਰਤੀਆਂ ਜਾਣ ਵਾਲੀਆਂ ਗੱਡੀਆਂ 'ਤੇ ਲਾਗੂ ਹੁੰਦਾ ਹੈ?** ਹਾਂ ਇਹ ਕਾਨੂੰਨ ਸਭ ਕੰਮਾਂ 'ਤੇ ਲਾਗੂ ਹੁੰਦਾ ਹੈ, ਵਾਲੰਟਰੀ ਕੰਮ 'ਤੇ ਵੀ।

**ਮੈਂ ਆਪਣੀ ਪ੍ਰਾਈਵੇਟ ਕਾਰ ਨੂੰ ਕਦੇ ਕਦੇ ਵਾਲੰਟਰੀ ਕੰਮ ਲਈ ਵਰਤਦਾ/ਵਰਤਦੀ ਹਾਂ, ਕੀ ਇਹਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੈ?** ਨਹੀਂ, ਮੁੱਖ ਤੌਰ 'ਤੇ ਪ੍ਰਾਈਵੇਟ ਕੰਮਾਂ ਲਈ ਵਰਤੀਆਂ ਜਾਣ ਵਾਲੀਆਂ ਗੱਡੀਆਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਨਹੀਂ ਹੈ।

**ਕੀ ਹੈਰੀਟੇਜ ਇਮਾਰਤਾਂ ਵਿਚ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣਾ ਲਾਜ਼ਮੀ ਹੈ?** ਜਿਹਨਾਂ ਵੀ ਥਾਂਵਾਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਲਾਜ਼ਮੀ ਹੈ, ਉੱਥੇ ਨਵੇਂ ਕਾਨੂੰਨ ਦਾ ਪਾਲਣ ਕਰਨ ਲਈ ਬੂਹਿਆਂ 'ਤੇ ਕਿਸੇ ਸਪਸ਼ਟ ਦਿਸਣ ਵਾਲੀ ਥਾਂ 'ਤੇ ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਨਿਸ਼ਾਨ ਲਾਉਣੇ ਚਾਹੀਦੇ ਹਨ। ਕਾਨੂੰਨ ਇਹ ਇਜਾਜ਼ਤ ਦਿੰਦਾ ਹੈ ਕਿ ਥਾਂ ਦੀ ਸਜਾਵਟ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹ ਨਿਸ਼ਾਨ ਡਿਜ਼ਾਈਨ ਕਰਨ ਅਤੇ ਲਾਉਣ ਦੇ ਢੰਗ ਥੋੜੀ ਜਿਹੀ ਵੱਖਰੀ ਕਿਸਮ ਦੇ ਹੋ ਸਕਦੇ ਹਨ।

**ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?** ਹੋਰ ਜਾਣਕਾਰੀ ਵੈੱਬਸਾਈਟ **smokefreeengland.co.uk** ਤੋਂ ਲਓ, ਜਾਂ ਸਮੋਕਫ੍ਰੀ ਇੰਗਲੈਂਡ ਇਨਫ਼ਰਮੇਸ਼ਨ ਲਾਈਨ ਨੂੰ ਨੰਬਰ **0800 169 169 7** 'ਤੇ ਫ਼ੋਨ ਕਰੋ। ਤੁਸੀਂ ਸਥਾਨਕ ਕਾਉਂਸਿਲ ਤੋਂ ਵੀ ਸਲਾਹ ਅਤੇ ਮਦਦ ਲੈ ਸਕਦੇ ਹੋ।

NHS

# ਤਮਾਕੂ ਦੇ ਧੂੰਏ ਤੋਂ ਰਹਿਤ ਪਾਲਿਸੀ

## ਮਕਸਦ

ਇਹ ਪਾਲਿਸੀ ਸਭ ਕਰਮਚਾਰੀਆਂ, ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ, ਗਾਹਕਾਂ ਅਤੇ ਮਿਲਣ ਆਉਣ ਵਾਲਿਆਂ ਨੂੰ ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਤੋਂ ਬਚਾਉਣ ਲਈ ਅਤੇ ਹੈਲਥ ਐਕਟ 2006 ਦਾ ਪਾਲਣ ਕਰਨ ਵਿਚ ਮਦਦ ਦੇਣ ਲਈ ਤਿਆਰ ਕੀਤੀ ਗਈ ਹੈ।

ਹੋਰਨਾਂ ਦੇ ਪੀਤੇ ਤਮਾਕੂ ਦੇ ਧੂੰਏਂ ਵਿਚ ਸਾਹ ਲੈਣ ਨਾਲ ਫੇਫੜਿਆਂ ਦੇ ਕੈਂਸਰ, ਦਿਲ ਦੇ ਰੋਗ ਅਤੇ ਹੋਰ ਗੰਭੀਰ ਰੋਗ ਲੱਗਣ ਦਾ ਖ਼ਤਰਾ ਵਧ ਜਾਂਦਾ ਹੈ। ਸਾਂਝੀ ਹਵਾ ਵਾਲੀ ਥਾਂ 'ਤੇ ਹਵਾ ਦੇ ਨਿਕਾਸ ਨਾਲ ਜਾਂ ਤਮਾਕੂ ਪੀਣ ਵਾਲਿਆਂ ਨੂੰ ਤਮਾਕੂ ਨਾ ਪੀਣ ਵਾਲਿਆਂ ਤੋਂ ਵੱਖ ਕਰਨ ਨਾਲ ਵੀ ਇਹ ਖ਼ਤਰਾ ਪੂਰੀ ਤਰ੍ਹਾਂ ਖ਼ਤਮ ਨਹੀਂ ਹੁੰਦਾ।

## ਪਾਲਿਸੀ

ਕੰਪਨੀ ਦਾ ਨਾਂ ਲਿਖੋ

.............................................................ਦੀ ਇਹ ਪਾਲਿਸੀ ਹੈ ਕਿ ਸਾਡੇ ਕੰਮ ਵਾਲੀ ਥਾਂ ਤਮਾਕੂ ਦੇ ਧੂੰਏਂ ਤੋਂ ਰਹਿਤ ਹੋਵੇ, ਅਤੇ ਸਭ ਕਰਮਚਾਰੀਆਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਮਾਹੌਲ ਵਿਚ ਕੰਮ ਕਰਨ ਦਾ ਹੱਕ ਹੈ। ਇਹ ਪਾਲਿਸੀ 1 ਜੁਲਾਈ 2007 ਨੂੰ ਲਾਗੂ ਹੋ ਜਾਏਗੀ। ਕੰਮ ਵਾਲੀ ਇਸ ਥਾਂ 'ਤੇ ਸਭ ਬੰਦ ਅਤੇ ਕਾਫ਼ੀ ਹਦ ਤਕ ਬੰਦ ਥਾਂਵਾਂ 'ਤੇ ਤਮਾਕੂ ਪੀਣਾ ਮਨ੍ਹਾ ਹੈ। ਇਹਨਾਂ ਥਾਂਵਾਂ ਵਿਚ ਕੰਪਨੀ ਦੀਆਂ ਗੱਡੀਆਂ ਵੀ ਸ਼ਾਮਿਲ ਹਨ, ਇਹ ਪਾਲਿਸੀ ਸਭ ਕਰਮਚਾਰੀਆਂ, ਕਨਸਲਟੈਂਟਾਂ, ਠੇਕੇਦਾਰਾਂ, ਗਾਹਕਾਂ ਜਾਂ ਮੈਂਬਰਾਂ ਅਤੇ ਮਿਲਣ ਆਉਣ ਵਾਲਿਆਂ 'ਤੇ ਲਾਗੂ ਹੁੰਦੀ ਹੈ।

## ਲਾਗੂ ਕਰਨਾ

ਇਸ ਪਾਲਿਸੀ ਨੂੰ ਲਾਗੂ ਕਰਨ ਦੀ ਸਮੁੱਚੀ ਜ਼ਿੰਮੇਦਾਰੀ ........................................................ (ਵਿਅਕਤੀ ਦਾ ਨਾਂ ਲਿਖੋ) ਦੀ ਹੈ। ਪਰ ਸਭ ਸਟਾਫ਼ ਨੂੰ ਆਖਿਆ ਜਾਂਦਾ ਹੈ ਕਿ ਉਹ ਇਹਦਾ ਪਾਲਣ ਕਰਨ ਅਤੇ ਇਹਨੂੰ ਲਾਗੂ ਕਰਨ ਵਿਚ ਮਦਦ ਦੇਣ। ਜਿਸ ਵਿਅਕਤੀ ਦਾ ਨਾਂ ਉੱਪਰ ਲਿਖਿਆ ਹੈ, ਉਹ ਮੌਜੂਦਾ ਕਰਮਚਾਰੀਆਂ, ਕਨਸਲਟੈਂਟਾਂ ਅਤੇ ਠੇਕੇਦਾਰਾਂ ਨੂੰ ਇਸ ਪਾਲਿਸੀ ਬਾਰੇ ਅਤੇ ਇਹਨੂੰ ਲਾਗੂ ਕਰਨ ਅਤੇ ਇਹਦਾ ਲੇਖਾ ਜੋਖਾ ਕਰਨ ਵਿਚ ਉਹਨਾਂ ਦੇ ਯੋਗਦਾਨ ਬਾਰੇ ਸਮਝਾ ਦੇਵੇਗਾ/ਦੇਵੇਗੀ। ਨਵੇਂ ਕਰਮਚਾਰੀ ਰੱਖਣ ਜਾਂ ਉਹਨਾਂ ਨੂੰ ਕੰਮ ਬਾਰੇ ਪਰਿਚੈ ਦੇਣ ਵੇਲੇ ਉਹ ਉਹਨਾਂ ਨੂੰ ਇਸ ਪਾਲਿਸੀ ਦੀ ਕਾਪੀ ਦੇਵੇਗਾ/ਦੇਵੇਗੀ।

ਤਮਾਕੂ ਪੀਣ ਦੀ ਮਨਾਹੀ ਕਰਨ ਵਾਲੇ ਸਹੀ ਕਿਸਮ ਦੇ ਨਿਸ਼ਾਨ ਇਸ ਥਾਂ ਦੇ ਅੰਦਰ ਬੂਹੇ ਦੇ ਨੇੜੇ ਅਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਸਭ ਗੱਡੀਆਂ 'ਤੇ ਲਾਏ ਜਾਣਗੇ।

## ਜੇ ਪਾਲਿਸੀ ਦਾ ਪਾਲਣ ਨਾ ਕੀਤਾ ਜਾਏ

ਸਟਾਫ਼ ਦੇ ਜਿਹੜੇ ਲੋਕ ਇਸ ਪਾਲਿਸੀ ਦਾ ਪਾਲਣ ਨਹੀਂ ਕਰਨਗੇ ਉਹਨਾਂ ਦੇ ਖ਼ਿਲਾਫ਼ ਸਥਾਨਕ ਅਨੁਸ਼ਾਸਨੀ ਕਾਰਵਾਈ ਕੀਤੀ ਜਾਏਗੀ। ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਕਾਨੂੰਨ ਦਾ ਪਾਲਣ ਨਾ ਕਰਨ ਵਾਲਿਆਂ ਨੂੰ ਨਿਸ਼ਚਿਤ ਜੁਰਮਾਨਾ ਹੋ ਸਕਦਾ ਹੈ ਅਤੇ ਜੁਰਮ ਕਰਨ ਕਰਕੇ ਉਹਨਾਂ 'ਤੇ ਮੁਕੱਦਮਾ ਵੀ ਚਲਾਇਆ ਜਾ ਸਕਦਾ ਹੈ।

## ਤਮਾਕੂ ਪੀਣਾ ਛੱਡਣ ਵਿਚ ਮਦਦ

ਐਨ ਐਚ ਐੱਸ ਤਮਾਕੂ ਪੀਣਾ ਛੱਡਣ ਵਿਚ ਮਦਦ ਦੇਣ ਲਈ ਕਈ ਕਿਸਮ ਦੀਆਂ ਸੇਵਾਵਾਂ ਮੁਹੱਈਆ ਕਰਦੀ ਹੈ। ਇਹਦੇ ਬਾਰੇ ਜਾਣਕਾਰੀ ਲੈਣ ਲਈ ਵੈੱਬਸਾਈਟ **gosmokefree.co.uk** ਪੜ੍ਹੋ, ਜਾਂ ਐਨ ਐਚ ਐੱਸ ਸਮੋਕਿੰਗ ਹੈਲਪਲਾਈਨ ਨੂੰ ਨੰਬਰ 0800 169 0 169 'ਤੇ ਫ਼ੋਨ ਕਰੋ। ਜਾਂ ਤੁਸੀਂ ਆਪਣੇ ਨੇੜੇ ਐਨ ਐਚ ਐੱਸ ਸਟੌਪ ਸਮੋਕਿੰਗ ਸਰਵਿਸ ਬਾਰੇ ਪਤਾ ਕਰਨ ਲਈ GIVE UP ਟੈਕਸਟ ਕਰੋ ਅਤੇ 88088 ਦੇ ਨਾਲ ਆਪਣਾ ਪੂਰਾ ਪੋਸਟਕੋਡ ਭੇਜੋ।


ਦਸਤਖ਼ਤ ........................................................................................ ਤਾਰੀਖ਼ ..................................................

ਕੰਪਨੀ ਵਲੋਂ ........................................................................................ (ਕੰਪਨੀ ਦਾ ਨਾਂ ਲਿਖੋ)

SMOKEFREE

# ਤਮਾਕੂ ਦੇ ਧੂੰਏ ਤੋਂ ਰਹਿਤ ਕੰਮ ਵਾਲੀ ਥਾਂ 'ਤੇ ਤਮਾਕੂ ਪੀਣ ਨਾਲ ਕਿਵੇਂ ਨਿਪਟਿਆ ਜਾਏ?

ਜੇ ਤੁਸੀਂ ਤਮਾਕੂ ਦੇ ਧੂੰਏ ਤੋਂ ਰਹਿਤ ਕਿਸੇ ਥਾਂ ਅਤੇ/ਜਾਂ ਗੱਡੀਆਂ ਦੇ ਇਨ ਚਾਰਜ ਹੋ, ਤਾਂ ਇਹਨਾਂ ਵਿਚ ਲੋਕਾਂ ਨੂੰ ਤਮਾਕੂ ਪੀਣੋਂ ਰੋਕਣਾ ਤੁਹਾਡੀ ਕਾਨੂੰਨੀ ਜ਼ਿੰਮੇਦਾਰੀ ਹੈ। ਜੇ ਤੁਹਾਡੀ ਜ਼ਿੰਮੇਦਾਰੀ ਵਾਲੀ ਥਾਂ ਜਾਂ ਗੱਡੀਆਂ ਵਿਚ ਕੋਈ ਤਮਾਕੂ ਪੀਏ, ਤਾਂ ਉਹਦੇ ਨਾਲ ਨਿਪਟਣ ਲਈ ਤੁਸੀਂ ਇਹ ਕੁਝ ਕੰਮ ਕਰ ਸਕਦੇ ਹੋ।




ਜੇ ਤਮਾਕੂ ਪੀਣ ਵਾਲਾ/ਵਾਲੀ ਕੁੱਟਮਾਰ ਕਰਨ ਦੀ ਧਮਕੀ ਦੇਵੇ, ਤਾਂ ਸਾਡੀ ਸਲਾਹ ਇਹ ਹੈ ਕਿ ਤੁਸੀਂ ਪੁਲਿਸ ਨੂੰ ਦੱਸੋ ਅਤੇ/ਜਾਂ ਉਹਨਾਂ ਤੋਂ ਮਦਦ ਮੰਗੋ।

# ਚੈਕਲਿਸਟ

ਜਦ 1 ਜੁਲਾਈ 2007 ਨੂੰ ਇੰਗਲੈਂਡ ਤਮਾਕੂ ਦੇ ਧੂੰਏਂ ਤੋਂ ਰਹਿਤ ਹੋ ਜਾਏਗਾ, ਅਤੇ ਤੁਹਾਨੂੰ ਹੇਠ ਲਿਖੇ ਕੰਮ ਕਰਨੇ ਪੈਣਗੇ:

- ☑ ਇਹ ਯਕੀਨੀ ਬਣਾਉਣ ਲਈ ਜਾਇਜ਼ ਕਦਮ ਉਠਾਓ ਕਿ ਸਟਾਫ਼, ਗਾਹਕਾਂ, ਮੈਂਬਰਾਂ ਅਤੇ ਮਿਲਣ ਆਉਣ ਵਾਲਿਆਂ ਨੂੰ ਇਹ ਜਾਣਕਾਰੀ ਮਿਲ ਜਾਏ ਕਿ ਤੁਹਾਡੇ ਕੰਮ ਵਾਲੀ ਥਾਂ ਅਤੇ ਗੱਡੀਆਂ ਨੂੰ ਤਮਾਕੂ ਦੇ ਧੂੰਏਂ ਤੋਂ ਰਹਿਤ ਰੱਖਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ
- ☑ ਜੇ ਬਿਲਡਿੰਗ ਦੇ ਅੰਦਰ ਤਮਾਕੂ ਪੀਣ ਲਈ ਕੋਈ ਕਮਰੇ ਰੱਖੇ ਗਏ ਹਨ ਤਾਂ ਉਹਨਾਂ ਨੂੰ ਬੰਦ ਕਰ ਦਿਓ।
- ☑ 'ਤਮਾਕੂ ਪੀਣਾ ਮਨ੍ਹਾ ਹੈ' ਵਾਲੇ ਨਿਸ਼ਾਨ ਤਮਾਕੂ ਦੇ ਧੂੰਏ ਤੋਂ ਰਹਿਤ ਥਾਂਵਾਂ ਅਤੇ ਗੱਡੀਆਂ 'ਤੇ ਲਾਓ
- ☑ ਇਹ ਯਕੀਨੀ ਬਣਾਓ ਕਿ ਤਮਾਕੂ ਦੇ ਧੂੰਏਂ ਤੋਂ ਰਹਿਤ ਥਾਂਵਾਂ 'ਤੇ ਅਤੇ ਗੱਡੀਆਂ ਵਿਚ ਕੋਈ ਵੀ ਤਮਾਕੂ ਨਾ ਪੀਏ।

ਤੁਸੀਂ ਚਾਹੋ ਤਾਂ ਇਹ ਕੰਮ ਵੀ ਕਰ ਸਕਦੇ ਹੋ:

- ☑ ਆਪਣੇ ਸਟਾਫ਼ ਨਾਲ ਸਲਾਹ ਮਸ਼ਵਰਾ ਕਰਕੇ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੀ ਪਾਲਿਸੀ ਬਣਾਓ
- ☑ ਆਪਣੇ ਸਟਾਫ਼ ਅਤੇ ਗਾਹਕਾਂ ਨੂੰ ਤਮਾਕੂ ਪੀਣਾ ਛੱਡਣ ਵਿਚ ਮਦਦ ਦਿਓ।

## ਸਮੋਕਫ਼੍ਰੀ ਇੰਗਲੈਂਡ ਇਨਫ਼ਰਮੇਸ਼ਨ ਲਾਈਨ

## 0800 169 169 7

## ਸਾਡੀ ਇਹ ਵੈੱਬਸਾਈਟ ਪੜ੍ਹੋ

## smokefreeengland.co.uk

# ਤਮਾਕੂ ਪੀਣਾ ਛੱਡਣ ਦੇ ਚਾਹਵਾਨ ਲੋਕਾਂ ਲਈ ਮਦਦ

ਤਮਾਕੂ ਪੀਣ ਵਾਲੇ ਲੱਗਭਗ 70% ਲੋਕ ਆਖਦੇ ਹਨ ਕਿ ਉਹ ਇਹ ਆਦਤ ਛੱਡਣਾ ਚਾਹੁੰਦੇ ਹਨ, ਅਤੇ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਇਸ ਨਵੇਂ ਕਾਨੂੰਨ ਤੋਂ ਉਹਨਾਂ ਨੂੰ ਹੋਰ ਉਤਸ਼ਾਹ ਮਿਲ ਸਕਦਾ ਹੈ। ਜੇ ਤੁਸੀਂ ਆਪਣੇ ਸਟਾਫ਼ ਜਾਂ ਗਾਹਕਾਂ ਦੀ ਤਮਾਕੂ ਪੀਣ ਦੀ ਆਦਤ ਛੁਡਵਾਉਣਾ ਚਾਹੁੰਦੇ ਹੋ, ਤਾਂ ਐਨ ਐਚ ਐੱਸ ਤੋਂ ਤੁਹਾਨੂੰ ਬਹੁਤ ਵਧੀਆ ਮਦਦ ਮੁਫ਼ਤ ਮਿਲ ਸਕਦੀ ਹੈ, ਜਿਸ ਵਿਚ ਇਹ ਸ਼ਾਮਿਲ ਹਨ:

- ਐਨ ਐਚ ਐੱਸ ਦੀਆਂ ਸਥਾਨਕ 'ਸਟੌਪ ਸਮੋਕਿੰਗ ਸਰਵਿਸਿਜ਼' - ਸਥਾਨਕ ਸੇਵਾਵਾਂ ਬਾਰੇ ਪਤਾ ਕਰਨ ਲਈ ਐਨ ਐਚ ਐੱਸ ਸਮੋਕਿੰਗ ਹੈਲਪਲਾਈਨ ਨੂੰ ਨੰਬਰ 0800 169 0 169 'ਤੇ ਮੁਫ਼ਤ ਫ਼ੋਨ ਕਰੋ; ਵੈੱਬਸਾਈਟ **gosmokefree.co.uk** 'ਤੇ ਜਾਓ; ਟੈਕਸਟ GIVE UP ਭੇਜੋ ਅਤੇ ਨੰਬਰ 88088 ਤੋਂ ਬਾਅਦ ਆਪਣਾ ਪੂਰਾ ਪੋਸਟਕੋਡ ਦੱਸੋ; ਜਾਂ ਆਪਣੇ ਜੀ ਪੀ ਡਾਕਟਰ ਦੀ ਸਰਜਰੀ, ਫ਼ਾਰਮੇਸੀ ਜਾਂ ਹਸਪਤਾਲ ਤੋਂ ਪਤਾ ਕਰੋ।
- ਐਨ ਐਚ ਐੱਸ ਸਮੋਕਿੰਗ ਹੈਲਪਲਾਈਨ - ਲੋਕ ਨੰਬਰ 0800 169 0 169 'ਤੇ ਫ਼ੋਨ ਕਰਕੇ ਕਿਸੇ ਖ਼ਾਸ ਮਾਹਿਰ ਨਾਲ ਗੱਲਬਾਤ ਕਰ ਸਕਦੇ ਹਨ (ਇਹਨਾਂ ਲਾਈਨਾਂ 'ਤੇ ਹਰ ਰੋਜ਼ ਸਵੇਰੇ 7 ਵਜੇ ਤੋਂ ਰਾਤ ਦੇ 11 ਵਜੇ ਤਕ ਫ਼ੋਨ ਕੀਤਾ ਜਾ ਸਕਦਾ ਹੈ।
- **gosmokefree.co.uk** – ਇਸ ਇੰਟਰਨੈੱਟ ਸਾਈਟ 'ਤੇ ਤਮਾਕੂ ਪੀਣਾ ਛੱਡਣ ਅਤੇ ਛੱਡੀ ਰੱਖਣ ਵਿਚ ਮਦਦ ਦੇਣ ਵਾਲੀ ਸਾਰੀ ਸਲਾਹ, ਜਾਣਕਾਰੀ ਅਤੇ ਮਦਦ ਮਿਲ ਸਕਦੀ ਹੈ।
- **ਟੁਗੈਦਰ** – ਮਦਦ ਦੇਣ ਵਾਲੇ ਇਸ ਪ੍ਰੋਗਰਾਮ ਵਿਚ ਤੁਸੀਂ ਮੁਫ਼ਤ ਸ਼ਾਮਿਲ ਹੋ ਸਕਦੇ ਹੋ, ਇਹਦਾ ਮਕਸਦ ਤਮਾਕੂ ਪੀਣਾ ਛੱਡਣ ਵਿਚ ਲੋਕਾਂ ਦੀ ਮਦਦ ਕਰਨਾ ਹੈ, ਅਤੇ ਇਹਦੇ ਲਈ ਡਾਕਟਰੀ ਖੋਜ ਅਤੇ ਤਮਾਕੂ ਪੀਣਾ ਛੱਡ ਚੁਕੇ ਲੋਕਾਂ ਦੇ ਤਜਰਬਿਆਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ। ਤੁਸੀਂ ਈਮੇਲਾਂ, ਟੈਕਸਟ ਸੁਨੇਹੇ, ਡਾਕ ਰਾਹੀਂ ਪੈਕ ਜਾਂ ਫ਼ੋਨ ਕਾੱਲਾਂ ਰਾਹੀਂ ਮਦਦ ਲੈਣਾ ਚੁਣ ਸਕਦੇ ਹੋ। ਜਾਣਕਾਰੀ ਲੈਣ ਲਈ ਐਨ ਐਚ ਐੱਸ ਸਮੋਕਿੰਗ ਹੈਲਪਲਾਈਨ ਨੂੰ ਨੰਬਰ 0800 169 0 169 'ਤੇ ਫ਼ੋਨ ਕਰੋ, ਜਾਂ ਇਸ ਵੈੱਬਸਾਈਟ 'ਤੇ ਜਾਓ - **gosmokefree.co.uk**
- ਨੌਕਰੀ ਦੇਣ ਵਾਲੇ ਆਪਣੇ ਕਰਮਚਾਰੀਆਂ ਦੀ ਕੰਮ ਦੇ ਸਮੇਂ ਦੌਰਾਨ ਜਾਂ ਇਸ ਸਮੇਂ ਤੋਂ ਪਹਿਲਾਂ ਜਾਂ ਮਗਰੋਂ ਮਦਦ ਕਰਨ ਲਈ ਆਪਣੀ ਸਥਾਨਕ ਐਨ ਐਚ ਐੱਸ ਸਟੌਪ ਸਮੋਕਿੰਗ ਸਰਵਿਸ ਨਾਲ ਗੱਲ ਕਰ ਸਕਦੇ ਹਨ।

ਇੰਗਲੈਂਡ ਵਿਚ ਤਮਾਕੂ ਦੇ ਧੂੰਏਂ ਤੋਂ ਰਹਿਤ ਕਰਨ ਵਾਲੇ ਨਵੇਂ ਕਾਨੂੰਨ ਬਾਰੇ ਹੋਰ ਜਾਣਕਾਰੀ ਲੈਣ ਲਈ, ਜਾਂ ਇਹ ਪਰਚਾ ਹੋਰ ਰੂਪਾਂ ਵਿਚ ਲੈਣ ਲਈ ਸਾਡੀ ਵੈੱਬਸਾਈਟ

**smokefreeengland.co.uk** 'ਤੇ ਜਾਓ, ਜਾਂ ਸਮੋਕਫ਼੍ਰੀ ਇੰਗਲੈਂਡ ਇਨਫ਼ਰਮੇਸ਼ਨ ਲਾਈਨ ਨੂੰ ਨੰਬਰ **0800 169 169 7** 'ਤੇ ਫ਼ੋਨ ਕਰੋ, ਜਾਂ ਆਪਣੀ ਸਥਾਨਕ ਕਾਉਂਸਿਲ ਨਾਲ ਸੰਪਰਕ ਕਰੋ।

281238/0407/6000CA

SMOKEFREE